ਰੋਜ਼ਾਨਾ

# ਸਟਿੰਗ ਆਪ੍ਰੇਸ਼ਨ

ਇਨਕਲਾਬੀ ਸੋਚ ਨੂੰ ਸਮਰਪਿਤ

(ਜਲੰਧਰ)

Postal Regd. No. PB/JL-067/2024-26

RNI Regd. No. PUN/MUL/2012/47956

www.stingoperation.us
E-mail : stingnews24@gmail.com

Visit on facebook
Like us on Facebook www.facebook.com/Sting Operation
WhatsApp No. : 90416-59160

ਮੁੱਖ ਸੰਪਾਦਕ ਸੁਦੇਸ਼ ਕੁਮਾਰ ਬੱਗਾ

ਜਲੰਧਰ • ਐਤਵਾਰ, 7 ਅਪ੍ਰੈਲ 2024

ਸਾਲ : 13, ਅੰਕ 53, Ph. 0181-7967771 (Landline) Mob. : 90416-59160 , 94177-17088



ਦੇਸ਼-ਵਿਦੇਸ਼ ਤੋਂ ਪੱਤਰਕਾਰਾਂ ਦੀ ਲੋੜ
90416 59160





## ਅੰਮ੍ਰਿਤਸਰ 'ਚ ਭਾਜਪਾ ਉਮੀਦਵਾਰ ਖ਼ਿਲਾਫ਼ ਕਿਸਾਨਾਂ ਦਾ ਰੋਸ ਪ੍ਰਦਰਸ਼ਨ, ਕਾਲੇ ਝੰਡੇ ਦਿਖਾਕੇ ਲਾਏ ਮੁਰਦਾਬਾਦ ਦੇ ਨਾਅਰੇ

**ਅੰਮ੍ਰਿਤਸਰ, 6 ਅਪ੍ਰੈਲ (ਸਟਿੰਗ ਆਪ੍ਰੇਸ਼ਨ ਬਿਊਰੋ)-** ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਸਾਬਕਾ ਆਈਐਫਐਸ ਅਧਿਕਾਰੀ ਤਰਨਜੀਤ ਸਿੰਘ ਸੰਧੂ ਦੇ ਖਿਲਾਫ ਸ਼ਨੀਵਾਰ ਨੂੰ ਅੰਮ੍ਰਿਤਸਰਵਿੱਚ ਪ੍ਰਦਰਸ਼ਨ ਕੀਤਾ ਗਿਆ। ਕਿਸਾਨਾਂ ਵੱਲੋਂ ਇਹ ਰੋਸ ਪ੍ਰਦਰਸ਼ਨ ਕੀਤਾ ਗਿਆ ਹੈ। ਕਿਸਾਨ ਪੂਰੇ ਪੰਜਾਬ ਵਿੱਚ ਭਾਜਪਾ ਉਮੀਦਵਾਰਾਂ ਨੂੰ ਘੇਰ ਰਹੇ ਹਨ। ਅਜੇ ਕੁਝ ਦਿਨ ਪਹਿਲਾਂ ਹੀ ਪੰਜਾਬੀ ਗਾਇਕ ਤੇ ਭਾਜਪਾ ਉਮੀਦਵਾਰ ਹੰਸ ਰਾਜ ਹੰਸ ਦੇ ਕਾਫਲੇ ਦਾ ਵੀ ਕਿਸਾਨਾਂ ਵੱਲੋਂ ਵਿਰੋਧ ਕੀਤਾ ਗਿਆ ਸੀ। ਦਰਅਸਲ, ਤਰਨਜੀਤ ਸਿੰਘ ਸੰਧੂ ਚੋਣ ਪ੍ਰਚਾਰ ਲਈ ਅਜਨਾਲਾ ਪਹੁੰਚੇ ਸਨ। ਸਾਬਕਾ ਅਕਾਲੀ ਆਗੂ ਤੇ ਭਾਜਪਾ ਦੇ ਮੌਜੂਦਾ ਲੀਡਰ ਬੋਨੀ ਅਜਨਾਲਾ ਵੀ ਉਨ੍ਹਾਂ ਦੇ ਨਾਲ ਸਨ। ਤਰਨਜੀਤ ਸਿੰਘ ਸੰਧੂ ਦਾ ਕਾਫਲਾ ਜਦੋਂ ਅਜਨਾਲਾ ਦੇ ਕਸਬਾ ਥੋਬਾ ਪਹੁੰਚਿਆ ਤਾਂ ਉਥੇ ਕਿਸਾਨ ਪਹਿਲਾਂ ਹੀ ਝੰਡੇ ਲੈ ਕੇ ਖੜ੍ਹੇ ਸਨ। ਕਾਫਲੇ ਨੂੰ ਦੇਖ ਕੇ ਕਿਸਾਨਾਂ ਨੇ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ। ਦੂਜੇ ਪਾਸੇ ਪੁਲੀਸ ਨੇ ਤਰਨਜੀਤ ਸਿੰਘ ਸੰਧੂ ਦੀਆਂ ਗੱਡੀਆਂ ਨੂੰ ਘੇਰ ਲਿਆ। ਕਿਸਾਨ ਗੱਡੀਆਂ ਦੇ ਬਿਲਕੁਲ ਨੇੜੇ ਪਹੁੰਚ ਗਏ ਜਿਸ ਤੋਂ ਬਾਅਦ ਤਰਨਜੀਤ ਸੰਧੂ ਨੂੰ ਸੁਰੱਖਿਆ ਕਰਮਚਾਰੀਆਂ ਨੇ ਸੁਰੱਖਿਅਤ ਰਸਤਾ ਬਣਾ ਕੇ ਬਾਹਰ ਕੱਢਿਆ। ਕਿਸਾਨਾਂ ਨੇ ਪੂਰੇ ਸੂਬੇ ਵਿੱਚ ਭਾਜਪਾ ਆਗੂਆਂ ਖ਼ਿਲਾਫ਼ ਪ੍ਰਦਰਸ਼ਨ ਕਰਨ ਦਾ ਐਲਾਨ ਕੀਤਾ ਹੈ। ਕਿਸਾਨਾਂ ਨੇ ਕਈ ਪਿੰਡਾਂ ਵਿੱਚ ਭਾਜਪਾ ਵਿਰੋਧੀ ਬੈਨਰ ਵੀ ਲਾਏ ਹੋਏ ਹਨ। ਜਿਸ ਵਿੱਚ ਉਨ੍ਹਾਂ ਚੋਣ ਪ੍ਰਚਾਰ ਕਰ ਰਹੇ ਭਾਜਪਾ ਆਗੂਆਂ ਨੂੰ ਪਿੰਡ ਵਿੱਚ ਨਾ ਆਉਣ ਦੀ ਚਿਤਾਵਨੀ ਦਿੱਤੀ ਹੈ।

## ਲੁਟੇਰੇ 20 ਲੱਖ ਰੁਪਏ ਲੁੱਟ ਕੇ ਹੋਏ ਫਰਾਰ

# ਅੰਮ੍ਰਿਤਸਰ ਦੇ ਵਿੱਚ ਹੋਈ ਵੱਡੀ ਬੈਂਕ ਡਕੈਤੀ

☛ ਪੁਲਿਸ ਟੀਮ ਵੱਲੋਂ ਤਿੰਨਾਂ ਨੌਜਵਾਨਾਂ ਦੀ ਪਹਿਚਾਨ ਕਰ ਲਈ ਹੈ ਜਲਦ ਕਰਾਂਗੇ ਲੁਟੇਰਿਆਂ ਨੂੰ ਗ੍ਰਿਫਤਾਰ : ਪੁਲਿਸ ਕਮਿਸ਼ਨਰ







**ਅੰਮ੍ਰਿਤਸਰ, 6 ਅਪ੍ਰੈਲ (ਹਰਪਾਲ ਸਿੰਘ ਭੰਗੂ)-** ਅੰਮ੍ਰਿਤਸਰ ਦੇ ਵਿੱਚ ਲੁੱਟ ਚੋਰੀ ਖੋਹ ਦੀਆਂ ਵਾਰਦਾਤਾਂ ਲਗਾਤਾਰ ਵੱਧਦੀਆਂ ਜਾ ਰਹੀਆਂ ਹਨ ਅਜਿਹੀ ਹੀ ਉਦਾਹਰਨ ਅੰਮ੍ਰਿਤਸਰ ਦੇ ਇਲਾਕੇ ਤਰਨ ਤਰਨ ਰੋਡ ਦੇ ਉੱਪਰ ਸਾਹਮਣੇ ਆਈ ਹੈ ਜਿੱਥੇ ਲੁਟੇਰਿਆਂ ਵੱਲੋਂ ਇੱਕ ਪ੍ਰਾਈਵੇਟ ਬੈਂਕ ਆਈਸੀਆਈਸੀ ਬੈਂਕ ਨੂੰ ਨਿਸ਼ਾਨਾ ਬਣਾ ਕੇ ਇਸ ਦੇ ਵਿੱਚੋਂ 20 ਲੱਖ ਰੁਪਏ ਲੁੱਟ ਲਏ ਗਏ ਹਨ। ਇਸ ਨਿੱਜੀ ਬੈਂਕ ਦੇ ਵਿੱਚ ਲੁਟੇਰੇ ਐਕਟੀਵਾ ਤੇ ਸਵਾਰ ਹੋ ਕੇ ਆਉਂਦੇ ਹਨ ਅਤੇ ਸਿੱਧੇ ਕੈਸ਼ ਕਾਊਂਟਰ ਦੇ ਅੰਦਰ ਜਾ ਕੇ ਕੈਸ਼ੀਅਰ ਦੇ ਸਿਰ ਦੇ ਉੱਪਰ ਪਿਸਤੌਲ ਰੱਖ ਕੇ ਉੱਥੇ ਪਏ 20 ਲੱਖ ਰੁਪਏ ਲੁੱਟ ਕੇ ਫਰਾਰ ਹੋ ਜਾਂਦੇ ਹਨ। ਇਹ ਮਾਮਲਾ ਤਰਨ ਤਰਨ ਰੋਡ ਤੇ ਸਥਿਤ ਨਾਮਧਾਰੀ ਕੰਡੇ ਦੇ ਕੋਲ ਇੱਕ ਨਿੱਜੀ ਬੈਂਕ ਵਿੱਚ ਸਾਹਮਣੇ ਆਇਆ ਹੈ। ਮੌਕੇ ਤੇ ਪਹੁੰਚ ਕੇ ਪੁਲਿਸ ਵੱਲੋਂ ਜਾਂਚ ਕੀਤੀ ਜਾ ਰਹੀ ਹੈ ਤੇ ਪੁਲਿਸ ਦਾ ਕਹਿਣਾ ਹੈ ਕਿ ਬਹੁਤ ਜਲਦ ਹੀ ਲੁਟੇਰਿਆਂ ਨੂੰ ਕਾਬੂ ਕਰ ਲਿਆ ਜਾਵੇਗਾ ਉਹਨਾਂ ਕਿਹਾ ਕਿ ਲੁਟੇਰਿਆਂ ਦੀ ਸੀਸੀਟੀਵੀ ਕੈਮਰਿਆਂ ਦੇ ਜ਼ਰੀਏ ਪਹਿਚਾਣ ਕੀਤੀ ਜਾ ਰਹੀ ਹੈ। ਬੈਂਕ ਅਧਿਕਾਰੀ ਨੇ ਇਸ ਮੌਕੇ ਤੇ ਗੱਲਬਾਤ ਕਰਦੇ ਹੋਏ ਦੱਸਿਆ ਕਿ ਅਚਾਨਕ ਦੋ ਲੁਟੇਰੇ ਬੈਂਕ ਦੇ ਅੰਦਰ ਦਾਖਲ ਹੋਏ ਅਤੇ ਸਿੱਧੇ ਕੈਸ਼ ਕਾਊਂਟਰ ਵੱਲ ਨੂੰ ਚਲੇ ਗਏ ਜਿੱਥੇ ਉਹਨਾਂ ਕੈਸ਼ੀਅਰ ਦੇ ਸਿਰ ਤੇ ਪਿਸਤੌਲ ਰੱਖਿਆ ਅਤੇ ਉਸਦੇ ਰਾਜ ਦੇ ਵਿੱਚ ਪਏ ਹੋਏ ਪੈਸੇ ਲੁੱਟ ਗਏ ਫਰਾਰ ਹੋ ਗਏ ਜਿਨਾਂ ਦੀ ਗਿਣਤੀ ਕਰਨ ਤੋਂ ਬਾਅਦ ਪਤਾ ਲੱਗਾ ਕਿ 20 ਲੱਖ ਰੁਪਏ ਦੀ ਲੁੱਟ ਹੋਈ ਹੈ।। ਉਹਨਾਂ ਕਿਹਾ ਕਿ ਉਹਨਾਂ ਨੂੰ ਨਹੀਂ ਪਤਾ ਕਿ ਬਾਹਰ ਕਿੰਨੇ ਹੋਰ ਲੋਕ ਸਨ ਪਰ ਬੈਂਕ ਦੇ ਅੰਦਰ ਸਿਰਫ ਦੋ ਲੋਕ ਦਾਖਲ ਹੋਏ ਸਨ ਜਿਨ੍ਹਾਂ ਨੇ ਹੱਥ ਦੇ ਵਿੱਚ ਪਿਸਟਲ ਫੜਿਆ ਹੋਇਆ ਸੀ। ਮੌਕੇ ਤੇ ਪਹੁੰਚੇ ਪੁਲਿਸ ਅਧਿਕਾਰੀਆਂ ਨੇ ਸੀਸੀਟੀਵੀ ਕੈਮਰੇ ਖੰਗਾਲੇ ਅਤੇ ਇਸ ਦੇ ਨਾਲ ਹੀ ਇਲਾਕੇ ਦੇ ਵਿੱਚ ਵੱਖ-ਵੱਖ ਦੁਕਾਨਾਂ ਦੇ ਬਾਹਰ ਲੱਗੇ ਸੀਸੀਟੀਵੀ ਕੈਮਰਿਆਂ ਦੀ ਵੀ ਜਾਂਚ ਕੀਤੀ ਗਈ ਪੱਤਰਕਾਰਾਂ ਦੇ ਨਾਲ ਗੱਲਬਾਤ ਕਰਦੇ ਹੋਏ ਪੁਲਿਸ ਦੇ ਸੀਨੀਅਰ ਅਧਿਕਾਰੀਆਂ ਨੇ ਦੱਸਿਆ ਕਿ ਲੁਟੇਰਿਆਂ ਨੂੰ ਬਹੁਤ ਜਲਦ ਗ੍ਰਿਫਤਾਰ ਕਰਕੇ ਸਲਾਖਾਂ ਦੇ ਮਗਰ ਸੁੱਟਿਆ ਜਾਵੇਗਾ। ਉਹਨਾਂ ਕਿਹਾ ਕਿ ਸਾਰੇ ਮਾਮਲੇ ਦੀ ਜਾਂਚ ਬਰੀਕੀ ਦੇ ਨਾਲ ਕੀਤੀ ਜਾ ਰਹੀ ਹੈ।


Sting Operation NEWSPAPER & WEB CHANNEL


## IAS ਪਰਮਪਾਲ ਕੌਰ ਦਾ ਅਸਤੀਫਾ ਨਹੀਂ ਹੋਇਆ ਮਨਜ਼ੂਰ, ਭਾਜਪਾ 'ਚ ਸ਼ਾਮਲ ਹੋ ਬਠਿੰਡਾਂ ਤੋਂ ਚੋਣ ਲੜਨ ਦੀਆਂ ਕਨਸੋਆਂ !

**ਚੰਡੀਗੜ੍ਹ, 6 ਅਪ੍ਰੈਲ (ਸਟਿੰਗ ਆਪ੍ਰੇਸ਼ਨ ਬਿਊਰੋ)-** ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ ਅਤੇ ਉਨ੍ਹਾਂ ਦੇ ਪਰਿਵਾਰ ਦਾ ਭਾਜਪਾ ਵਿੱਚ ਸ਼ਾਮਲ ਹੋਣਾ ਲਗਭਗ ਤੈਅ ਹੈ। 2 ਦਿਨ ਪਹਿਲਾਂ ਦਿੱਲੀ 'ਚ ਭਾਜਪਾ 'ਚ ਸ਼ਾਮਲ ਹੋਣ ਦਾ ਪ੍ਰੋਗਰਾਮ ਰੱਖਿਆ ਗਿਆ ਸੀ। ਪਰ, ਆਈਏਐਸ ਪਰਮਪਾਲ ਕੌਰ ਦਾ ਅਸਤੀਫ਼ਾ ਪੰਜਾਬ ਸਰਕਾਰ ਵੱਲੋਂ ਅਜੇ ਤੱਕ ਪ੍ਰਵਾਨ ਨਾ ਕੀਤੇ ਜਾਣ ਕਾਰਨ ਪ੍ਰੋਗਰਾਮ ਮੁਲਤਵੀ ਕਰ ਦਿੱਤਾ ਗਿਆ। ਆਈਏਐਸ ਪਰਮਪਾਲ ਕੌਰ ਮਲੂਕਾ ਦੀ ਨੂੰਹ ਹੈ। ਅਸਤੀਫਾ ਦੇਣ ਤੋਂ ਬਾਅਦ ਤੋਂ ਹੀ ਪਰਮਪਾਲ ਕੌਰ ਦੇ ਭਾਜਪਾ 'ਚ ਸ਼ਾਮਲ ਹੋਣ ਦੀਆਂ ਚਰਚਾਵਾਂ ਚੱਲ ਰਹੀਆਂ ਸਨ ਪਰ ਤਿੰਨ ਦਿਨ ਬੀਤ ਜਾਣ ਦੇ ਬਾਵਜੂਦ ਵੀ ਉਨ੍ਹਾਂ ਦਾ ਅਸਤੀਫਾ ਪ੍ਰਵਾਨ ਨਹੀਂ ਕੀਤਾ ਗਿਆ ਅਤੇ ਨਾ ਹੀ ਕੇਂਦਰੀ ਅਮਲਾ ਅਤੇ ਸਿਖਲਾਈ ਵਿਭਾਗ ਨੂੰ ਭੇਜਿਆ ਗਿਆ ਹੈ। ਅਸਤੀਫਾ ਮਨਜ਼ੂਰ ਹੋਣ ਤੱਕ ਉਹ ਸਿਆਸੀ ਪਾਰਟੀ 'ਚ ਸ਼ਾਮਲ ਨਹੀਂ ਹੋ ਸਕਦੇ। ਬੁੱਧਵਾਰ ਨੂੰ ਆਈਏਐਸ ਪਰਮਪਾਲ ਕੌਰ ਨੇ ਪੰਜਾਬ ਰਾਜ ਉਦਯੋਗਿਕ ਵਿਕਾਸ ਨਿਗਮ ਦੇ ਮੈਨੇਜਿੰਗ ਡਾਇਰੈਕਟਰ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ। ਪਰਮਪਾਲ ਕੌਰ ਨੂੰ 2015 ਵਿੱਚ PCS ਤੋਂ IAS ਦੇ ਅਹੁਦੇ 'ਤੇ ਤਰੱਕੀ ਦਿੱਤੀ ਗਈ ਸੀ ਜਿਸ ਤੋਂ ਬਾਅਦ ਉਹ ਪੰਜਾਬ 'ਚ ਕਈ ਅਹਿਮ ਅਹੁਦਿਆਂ 'ਤੇ ਜ਼ਿੰਮੇਵਾਰੀਆਂ ਨਿਭਾ ਚੁੱਕੇ ਹਨ। ਮਲੂਕਾ ਬਠਿੰਡਾ ਹਾਲ ਹੀ ਵਿੱਚ ਸੰਸਦ ਮੈਂਬਰ ਹਰਸਿਮਰਤ ਬਾਦਲ ਨਾਲ ਮੌੜ ਹਲਕੇ ਦੇ ਵੱਖ-ਵੱਖ ਪਿੰਡਾਂ ਵਿੱਚ ਪਿੰਡ ਪੱਧਰੀ ਮੀਟਿੰਗਾਂ ਕਰਨ ਵਿੱਚ ਰੁੱਝੇ ਹੋਏ ਸਨ। ਮਲੂਕਾ ਨੇ ਮਾਈਸਰਖਾਨਾ, ਕੁੱਤੀਵਾਲ, ਯਾਤਰੀ, ਕੁੱਤੀਵਾਲ ਖ਼ੁਰਦ ਅਤੇ ਹੋਰ ਕਈ ਪਿੰਡਾਂ ਵਿੱਚ ਪ੍ਰੋਗਰਾਮ ਕੀਤੇ ਸਨ। ਪਿਛਲੇ ਹਫ਼ਤੇ ਉਹ ਰਾਮਪੁਰਾ ਫੂਲ ਇਲਾਕੇ ਵਿੱਚ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਾਲ ਰੁੱਝੇ ਹੋਏ ਸਨ। ਪਾਰਟੀ ਦੀ ਪੰਜਾਬ ਬਚਾਓ ਯਾਤਰਾ ਇਸੇ ਇਲਾਕੇ ਵਿੱਚੋਂ ਲੰਘ ਰਹੀ ਸੀ। ਪਰ ਪਰਪਾਲ ਕੌਰ ਦੇ ਅਸਤੀਫੇ ਤੋਂ ਬਾਅਦ ਉਹ ਵੀ ਇਲਾਕੇ ਵਿੱਚ ਸਰਗਰਮ ਨਹੀਂ । ਜਦੋਂ ਤੋਂ ਪਰਮਪਾਲ ਦੇ ਭਾਜਪਾ ਵਿੱਚ ਸ਼ਾਮਲ ਹੋਣ ਦੀਆਂ ਅਫਵਾਹਾਂ ਚੱਲ ਰਹੀਆਂ ਹਨ, ਉਦੋਂ ਤੋਂ ਸਿਕੰਦਰ ਸਿੰਘ ਮਲੂਕਾ ਵੀ ਇਲਾਕੇ ਵਿੱਚ ਨਜ਼ਰ ਨਹੀਂ ਆਏ।



## ਸੁਸ਼ੀਲ ਰਿੰਕੂ ਤੇ ਅੰਗੁਰਾਲ 'ਤੇ CM ਮਾਨ ਦਾ ਨਿਸ਼ਾਨਾ, ਦੋਵਾਂ ਨੂੰ ਦੱਸਿਆ ਕੱਚੇ ਭਮੱਕੜ, ਕਿਹਾ ਜਿਹੜੇ ਪੱਕੇ ਉਹ ਨਹੀਂ ਦਿੰਦੇ ਦਗਾ




**ਚੰਡੀਗੜ੍ਹ, 6 ਅਪ੍ਰੈਲ (ਸਟਿੰਗ ਆਪ੍ਰੇਸ਼ਨ ਬਿਊਰੋ)-** ਪੰਜਾਬ ਵਿੱਚ ਦਲ ਬਦਲੂ ਲੀਡਰਾਂ ਦੀਆਂ ਚਰਚਾਵਾਂ ਕਾਫ਼ੀ ਹੋ ਰਹੀਆਂ ਹਨ। ਇਸ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਦਾ ਵੀ ਇੱਕ ਬਿਆਨ ਸਾਹਮਣੇ ਆਇਆ ਹੈ। ਆਮ ਆਦਮੀ ਪਾਰਟੀ ਦੇ ਲੀਡਰ ਵੀ ਆਪ ਨੂੰ ਛੱਡ ਕੇ ਭਾਜਪਾ 'ਚ ਚਲੇ ਗਏ ਹਨ। ਇਸ ਨੂੰ ਲੈ ਕੇ ਸੀਐਮ ਭਗਵੰਤ ਮਾਨ ਨੇ ਕਿਹਾ ਕਿ ਜਿਹੜੇ ਪੱਕੇ ਭਮੱਕੜ ਹਨ ਉਹਨਾਂ ਨੂੰ ਕੋਈ ਤੋੜ ਨਹੀਂ ਸਕਦਾ, ਜਿਹੜੀ ਮਰਜ਼ੀ ਪਾਰਟੀ ਜ਼ੋਰ ਲਗਾ ਲਵੇ ਸਾਡੇ ਪੱਕੇ ਭਮੱਕੜ ਨਹੀਂ ਹਿਲਦੇ। ਬੀਤੇ ਦਿਨੀ ਆਮ ਆਦਮੀ ਪਾਰਟੀ ਦੇ ਇਕਲੌਤੇ ਸਾਂਸਦ ਮੈਂਬਰ ਸੁਸ਼ੀਲ ਕੁਮਾਰ ਰਿੰਕੂ ਅਤੇ ਜਲੰਧਰ ਵੈਸਟ ਤੋਂ ਆਪ ਦੇ ਸਾਬਕਾ ਵਿਧਾਇਕ ਸ਼ੀਤਲ ਅੰਗੁਰਾਲ ਬੀਜੇਪੀ ਵਿੱਚ ਸ਼ਾਮਲ ਹੋ ਗਏ ਸਨ। ਹਲਾਂਕਿ ਆਮ ਆਦਮੀ ਪਾਰਟੀ ਨੇ ਸੁਸ਼ੀਲ ਰਿੰਕੂ ਨੂੰ ਜਲੰਧਰ ਲੋਕ ਸਭਾ ਹਲਕੇ ਤੋਂ ਆਪਣਾ ਉਮੀਦਵਾਰ ਵੀ ਬਣਾਇਆ ਹੋਇਆ ਸੀ ਪਰ ਫਿਰ ਵੀ ਰਿੰਕੂ ਆਪ ਨੂੰ ਛੱਡ ਕੇ ਭਾਜਪਾ ਵਿੱਚ ਸ਼ਾਮਲ ਹੋ ਗਏ ਸਨ। ਮੁੱਖ ਮੰਤਰੀ ਭਗਵੰਤ ਮਾਨ ਨੇ ਇਹ ਬਿਆਨ ਮੋਗਾ ਜਾਂਦੇ ਸਮੇਂ ਰਸਤੇ ਵਿੱਚ ਸਮਰਾਲਾ ਨੇੜੇ ਦਿੱਤਾ ਹੈ। ਸੀਐਮ ਭਗਵੰਤ ਮਾਨ ਦੇ ਕਾਫਿਲੇ ਨੂੰ ਇੱਕ ਆਪ ਵਰਕਰਾਂ ਨੇ ਰੋਕ ਲਿਆ ਅਤੇ ਸਿਰੋਪਾਓ ਦੇ ਕੇ ਉਹਨਾਂ ਨੂੰ ਸਨਮਾਨਿਤ ਕੀਤਾ ਸੀ। ਪੰਜਾਬ ਵਿੱਚ ਸਰਕਾਰ ਬਣ ਤੋਂ ਬਾਅਦ ਹੁਣ ਪਹਿਲੀ ਵਾਰ ਭਗਵੰਤ ਮਾਨ ਵਰਕਰਾਂ ਨੂੰ ਮਿਲਣ ਲਈ ਸੂਬੇ 'ਚ ਨਿਕਲੇ ਹਨ। ਅੱਜ ਭਗਵੰਤ ਮਾਨ ਦੇ ਪ੍ਰੋਗਰਾਮ ਮੋਗਾ ਅਤੇ ਫਿਰ ਜਲੰਧਰ ਵਿੱਚ ਰੱਖੇ ਗਏ ਹਨ। ਜਿੱਥੇ ਵਿਸ਼ਾਲ ਰੈਲੀ ਨੂੰ ਸੀਐਮ ਭਗਵੰਤ ਮਾਨ ਸੰਬੋਧਨ ਕਰਨਗੇ। ਮੋਗਾ ਵਿੱਚ ਮਾਲਵੇ ਨਾਲ ਸਬੰਧਤ ਵਲੰਟੀਅਰ ਹਿੱਸਾ ਲੈਣਗੇ, ਜਦਕਿ ਜਲੰਧਰ ਵਿੱਚ ਦੁਆਬਾ ਖੇਤਰ ਦੇ ਆਗੂਆਂ ਦੀ ਮੀਟਿੰਗ ਕੀਤੀ ਹੋਣੀ ਹੈ। ਇਸ ਵਿੱਚ ਪਿੰਡ ਪੱਧਰ ਦੇ ਆਗੂ ਸ਼ਾਮਲ ਹੋਣਗੇ। ਉਨ੍ਹਾਂ ਦੇ ਨਾਲ ਪੰਜਾਬ 'ਚ ਪਾਰਟੀ ਦੇ ਰਾਸ਼ਟਰੀ ਸੰਗਠਨ ਜਨਰਲ ਸਕੱਤਰ ਡਾ. ਸੰਦੀਪ ਪਾਠਕ ਵੀ ਉਨ੍ਹਾਂ ਦੇ ਨਾਲ ਹੋਣਗੇ । ਪਿਛਲੇ ਦੋ ਸਾਲਾਂ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਸਿਰਫ਼ ਰੈਲੀਆਂ ਅਤੇ ਉਦਘਾਟਨੀ ਸਮਾਗਮਾਂ ਵਿੱਚ ਹੀ ਸ਼ਾਮਲ ਹੋਏ ਸਨ। ਹਾਲਾਤ ਇਹ ਬਣ ਗਏ ਸੀ ਕਿ ਕੁਝ ਵਿਧਾਇਕਾਂ ਨੇ ਤਾਂ ਮੁੱਖ ਮੰਤਰੀ 'ਤੇ ਉਨ੍ਹਾਂ ਨਾਲ ਮੁਲਾਕਾਤ ਨਾ ਕਰਨ ਦੇ ਦੋਸ਼ ਵੀ ਲਾਏ। ਹੁਣ ਲੋਕ ਸਭਾ ਚੋਣਾਂ ਦਰਮਿਆਨ ਮੁੱਖ ਮੰਤਰੀ ਨਾ ਸਿਰਫ ਵਲੰਟੀਅਰਾਂ ਨੂੰ ਮਿਲ ਰਹੇ ਹਨ, ਸਗੋਂ ਵਿਧਾਇਕਾਂ ਨਾਲ ਵੀ ਮੀਟਿੰਗਾਂ ਕਰ ਰਹੇ ਹਨ। ਦਿੱਲੀ ਤੋਂ ਪਰਤਣ ਤੋਂ ਬਾਅਦ ਮੁੱਖ ਮੰਤਰੀ ਹਰ ਰੋਜ਼ ਵੱਖ-ਵੱਖ ਜ਼ਿਲ੍ਹਿਆਂ ਦੇ ਵਿਧਾਇਕਾਂ ਨੂੰ ਮਿਲ ਰਹੇ ਹਨ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਦਾ ਭਰੋਸਾ ਵੀ ਦੇ ਰਹੇ ਹਨ।

## ਮੁੜ ਵਿਵਾਦਾਂ ਵਿਚ ਘਿਰੇ ਬਾਗੇਸ਼ਵਰ ਧਾਮ ਵਾਲੇ ਧੀਰੇਂਦਰ ਸ਼ਾਸਤਰੀ, ਥਾਣੇ ਪਹੁੰਚਿਆ ਮਾਮਲਾ

**ਨਵੀਂ ਦਿੱਲੀ, 6 ਅਪ੍ਰੈਲ (ਸਟਿੰਗ ਆਪ੍ਰੇਸ਼ਨ ਬਿਊਰੋ)-** ਆਪਣੀਆਂ ਵਿਵਾਦਤ ਟਿੱਪਣੀਆਂ ਕਰਕੇ ਅਕਸਰ ਚਰਚਾ ਵਿੱਚ ਰਹਿਣ ਵਾਲੇ ਬਾਗੇਸ਼ਵਰ ਧਾਮ ਦੇ ਮਹੰਤ ਧੀਰੇਂਦਰ ਸ਼ਾਸਤਰੀ ਅਲੀ ਬਾਰੇ ਆਪਣੀ ਵਿਵਾਦਿਤ ਟਿੱਪਣੀ ਕਾਰਨ ਬੁਰੇ ਫਸਦੇ ਨਜ਼ਰ ਆ ਰਹੇ ਹਨ। ਉਨ੍ਹਾਂ ਨੇ ਇਕ ਵੀਡੀਓ ਜਾਰੀ ਕਰਕੇ ਮੁਆਫੀ ਵੀ ਮੰਗ ਲਈ ਹੈ। ਇਸ ਤੋਂ ਬਾਅਦ ਵੀ ਮੁਸਲਿਮ ਭਾਈਚਾਰਾ ਉਸ ਦੇ ਖਿਲਾਫ ਕਾਫੀ ਨਾਰਾਜ਼ ਹੈ। ਲਖਨਊ ਦੇ ਕਈ ਮੌਲਾਨਾ ਨੇ ਚੌਂਕ ਕੋਤਵਾਲੀ ਵਿਖੇ ਸ਼ਿਕਾਇਤ ਦਰਜ ਕਰਵਾਈ। ਸ਼ੀਆ ਚੰਦ ਕਮੇਟੀ ਦੇ ਪ੍ਰਧਾਨ ਮੌਲਾਨਾ ਸੈਫ ਅੱਬਾਸ ਨਕਵੀ ਦੀ ਅਗਵਾਈ 'ਚ ਥਾਣੇ ਪਹੁੰਚੇ ਮੌਲਾਨਾ ਨੇ ਧੀਰੇਂਦਰ ਸ਼ਾਸਤਰੀ ਖਿਲਾਫ ਮਾਮਲਾ ਦਰਜ ਕਰਨ ਦੀ ਮੰਗ ਕੀਤੀ। ਫਿਲਹਾਲ ਮਾਮਲਾ ਦਰਜ ਨਹੀਂ ਕੀਤਾ ਗਿਆ ਹੈ ਪਰ ਪੁਲਿਸ ਦਾ ਕਹਿਣਾ ਹੈ ਕਿ ਜਾਂਚ ਕੀਤੀ ਜਾ ਰਹੀ ਹੈ। ਇਸ ਦੇ ਨਾਲ ਹੀ ਧੀਰੇਂਦਰ ਸ਼ਾਸਤਰੀ ਨੇ ਇੱਕ ਵੀਡੀਓ ਜਾਰੀ ਕਰਕੇ ਸਪੱਸ਼ਟ ਕੀਤਾ ਕਿ ਉਹ ਹਰ ਧਰਮ ਦਾ ਸਨਮਾਨ ਕਰਦੇ ਹਨ। ਉਸ ਦਾ ਮਕਸਦ ਕਿਸੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣਾ ਨਹੀਂ ਸੀ। ਕੁਝ ਲੋਕਾਂ ਨੇ ਬਜਰੰਗ ਬਲੀ ਦੀ ਗੱਲ ਨੂੰ ਮੌਲਾ ਅਲੀ ਨਾਲ ਜੋੜ ਕੇ ਇੱਕ ਸਾਜ਼ਿਸ਼ ਦਾ ਹਿੱਸਾ ਦੱਸ ਕੇ ਝੂਠਾ ਪ੍ਰਚਾਰ ਕੀਤਾ। ਜੇਕਰ ਉਨ੍ਹਾਂ ਦੇ ਸ਼ਬਦਾਂ ਨਾਲ ਕਿਸੇ ਨੂੰ ਠੇਸ ਪਹੁੰਚੀ ਹੈ ਤਾਂ ਮੈਂ ਮੁਆਫੀ ਚਾਹੁੰਦਾ ਹਾਂ। ਪੁਲਿਸ ਨੇ ਦੱਸਿਆ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਅਜੇ ਤੱਕ ਐਫਆਈਆਰ ਦਰਜ ਨਹੀਂ ਹੋਈ ਹੈ। ਡੀਸੀਪੀ ਦੁਰਗੇਸ਼ ਕੁਮਾਰ ਨੇ ਕਿਹਾ ਕਿ ਧੀਰੇਂਦਰ ਸ਼ਾਸਤਰੀ ਨੇ ਵੀਡੀਓ ਜਾਰੀ ਕਰਕੇ ਮੁਆਫੀ ਮੰਗ ਲਈ ਹੈ। ਸ਼ਿਕਾਇਤ ਦੀ ਜਾਂਚ ਕੀਤੀ ਜਾ ਰਹੀ ਹੈ। ਦੱਸ ਦਈਏ ਕਿ ਬਾਗੇਸ਼ਵਰ ਧਾਮ ਦੇ ਧੀਰੇਂਦਰ ਸ਼ਾਸਤਰੀ ਅਕਸਰ ਸੁਰਖੀਆਂ 'ਚ ਰਹਿੰਦੇ ਹਨ। ਉਹ ਲੋਕਾਂ ਦੇ ਮਨਾਂ ਨੂੰ ਪੜ੍ਹਨ ਦਾ ਦਾਅਵਾ ਕਰਦਾ ਹੈ। ਲੱਖਾਂ ਲੋਕ ਉਸ ਦੇ ਦਰਬਾਰ ਵਿੱਚ ਪਹੁੰਚਦੇ ਹਨ। ਉਹ ਲੋਕਾਂ ਨੂੰ ਬਿਨਾਂ ਦੱਸੇ ਉਨ੍ਹਾਂ ਦੀਆਂ ਸਮੱਸਿਆਵਾਂ ਦੱਸ ਕੇ ਹੈਰਾਨ ਕਰ ਦਿੰਦਾ ਹੈ। ਉਨ੍ਹਾਂ ਦੇ ਸ਼ਰਧਾਲੂਆਂ ਦਾ ਉਨ੍ਹਾਂ ਵਿੱਚ ਅਟੁੱਟ ਵਿਸ਼ਵਾਸ ਹੈ। ਬਹੁਤ ਸਾਰੇ ਲੋਕ ਉਸ ਨੂੰ ਬਾਬਾ ਹੀ ਨਹੀਂ ਸਗੋਂ ਭਗਵਾਨ ਵੀ ਮੰਨਦੇ ਹਨ।






## ਸਟਿੰਗ ਆਪ੍ਰੇਸ਼ਨ

www.stingoperation.us





Publisher/Chief Editor

**Sudesh Kumar Bagga**

Sting Operation (News Paper)

stingnews24@gmail.com

www.stingoperation.us

Mob. : 90416-59160

**Head Office :**

#125, Nakodar Road

Malko (Jalandhar) 144026 Pb. (India)

Mob. : 90416-59160, 94177-17088


# ਵਾਤਾਵਰਣ ਦੇ ਮੁੱਦਿਆਂ ਨੂੰ ਮੁੱਖ ਧਾਰਾ ਵਿੱਚ ਲਿਆਉਣ ਲਈ ਚੋਣ ਅਮਲ ਸ਼ੁਰੂ ਹੋਵੇ

**ਰਾਜਨੀਤਿਕ ਪਾਰਟੀਆਂ ਨੂੰ ਜਲਵਾਯੂ ਪਰਿਵਰਤਨ 'ਤੇ ਜਨਤਕ ਜਾਗਰੂਕਤਾ ਵਧਾਉਣ ਅਤੇ ਗਲੋਬਲ ਵਾਰਮਿੰਗ ਨੂੰ ਘਟਾਉਣ ਲਈ ਸਪੱਸ਼ਟ ਕਦਮ ਚੁੱਕਣ ਲਈ ਵਚਨਬੱਧ ਹੋਣਾ ਚਾਹੀਦਾ ਹੈ। ਸਿਆਸੀ ਪਾਰਟੀਆਂ ਨੂੰ ਇਹ ਦੱਸਣਾ ਚਾਹੀਦਾ ਹੈ ਕਿ ਉਹ ਭਾਰਤ 'ਤੇ ਗਲੋਬਲ ਵਾਰਮਿੰਗ ਦੇ ਪ੍ਰਭਾਵ ਨੂੰ ਘਟਾਉਣ ਲਈ ਕੀ ਕਦਮ ਚੁੱਕਣਗੇ। ਜੇਕਰ ਭਾਰਤ ਗਲੋਬਲ ਆਰਡਰ ਵਿੱਚ ਆਪਣਾ ਸਹੀ ਸਥਾਨ ਲੱਭਣਾ ਚਾਹੁੰਦਾ ਹੈ, ਅਤੇ "ਅਲੀਕਸੀਰ ਯੁੱਗ" ਵਿੱਚ ਇੱਕ ਸੱਚੀ ਵਿਸ਼ਵ ਸ਼ਕਤੀ ਵਜੋਂ ਗਿਣਿਆ ਜਾਣਾ ਚਾਹੁੰਦਾ ਹੈ, ਤਾਂ ਜਲਵਾਯੂ ਪਰਿਵਰਤਨ ਦੀਆਂ ਕਾਰਵਾਈਆਂ 'ਤੇ ਇਸਦੀ ਅਗਵਾਈ ਦੀਆਂ ਮੰਗਾਂ ਦੀ ਨਿਗਰਾਨੀ ਕੀਤੀ ਜਾਵੇਗੀ। ਮੀਡੀਆ ਰਵਾਇਤੀ ਚੋਣ ਤਰੀਕਿਆਂ ਦੇ ਵਾਤਾਵਰਣ ਪ੍ਰਭਾਵ ਨੂੰ ਘੱਟ ਕਰਨ, ਅਤੇ ਨਵੀਨਤਾਕਾਰੀ ਵਾਤਾਵਰਣ-ਅਨੁਕੂਲ ਵਿਕਲਪਾਂ 'ਤੇ ਧਿਆਨ ਕੇਂਦਰਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਸਕਦਾ ਹੈ। ਵਾਤਾਵਰਣ ਪ੍ਰਤੀ ਚੇਤੰਨ ਚੋਣ ਅਮਲਾਂ ਨੂੰ ਅਪਣਾਉਣਾ ਭਾਰਤ ਨੂੰ ਦੁਨੀਆ ਭਰ ਦੇ ਹੋਰ ਲੋਕਤੰਤਰਾਂ ਲਈ ਇੱਕ ਮਿਸਾਲ ਕਾਇਮ ਕਰਨ ਵਿੱਚ ਮਦਦ ਕਰ ਸਕਦਾ ਹੈ। -ਪ੍ਰਿਅੰਕਾ ਸੌਰਭ**



ਸੰਯੁਕਤ ਰਾਸ਼ਟਰ ਦੇ ਵਿਸ਼ਵ ਮੌਸਮ ਵਿਗਿਆਨ ਸੰਗਠਨ (ਡਬਲਯੂ.ਐੱਮ.ਓ.) ਦੁਆਰਾ ਹਾਲ ਹੀ ਵਿੱਚ ਜਾਰੀ ਕੀਤੀ ਗਲੋਬਲ ਜਲਵਾਯੂ ਸਥਿਤੀ ਰਿਪੋਰਟ ਨੇ ਚਿੰਤਾਵਾਂ ਵਧਾ ਦਿੱਤੀਆਂ ਹਨ। ਰਿਪੋਰਟ ਦੇ ਅਨੁਸਾਰ, ਗ੍ਰਹਿ ਦੇ ਇਤਿਹਾਸ ਵਿੱਚ 2023 ਨੂੰ ਅਧਿਕਾਰਤ ਤੌਰ 'ਤੇ ਸਭ ਤੋਂ ਗਰਮ ਸਾਲ ਮੰਨਿਆ ਗਿਆ ਹੈ। ਰਾਜਨੀਤਿਕ ਮੁਹਿੰਮਾਂ ਵਿੱਚ ਜਲਵਾਯੂ ਪਰਿਵਰਤਨ ਕਾਰਜ ਯੋਜਨਾਵਾਂ ਨੂੰ ਸ਼ਾਮਲ ਕਰਕੇ, ਰਾਜਨੀਤਿਕ ਨੇਤਾ ਵੋਟਰਾਂ ਵਿੱਚ ਮੁੱਦੇ ਦੀ ਗੰਭੀਰਤਾ ਅਤੇ ਨਿਰਣਾਇਕ ਕਾਰਵਾਈ ਦੀ ਤਤਕਾਲਤਾ ਬਾਰੇ ਜਾਗਰੂਕਤਾ ਪੈਦਾ ਕਰ ਸਕਦੇ ਹਨ। ਇਹ ਜਨਤਕ ਵਿਚਾਰ-ਵਟਾਂਦਰੇ ਨੂੰ ਜਲਵਾਯੂ ਕਾਰਵਾਈ ਨੂੰ ਤਰਜੀਹ ਦੇਣ ਅਤੇ ਨੀਤੀ ਨਿਰਮਾਤਾਵਾਂ ਅਤੇ ਜਨਤਾ ਵਿੱਚ ਜ਼ਰੂਰੀ ਭਾਵਨਾ ਨੂੰ ਉਤਸ਼ਾਹਿਤ ਕਰਨ ਵਿੱਚ ਮਦਦ ਕਰ ਸਕਦਾ ਹੈ। ਰਾਜਨੀਤਿਕ ਮੁਹਿੰਮਾਂ ਵਿੱਚ ਜਲਵਾਯੂ ਤਬਦੀਲੀ ਨੂੰ ਏਕੀਕ੍ਰਿਤ ਕਰਨਾ ਰਾਜਨੀਤਿਕ ਪਾਰਟੀਆਂ ਨੂੰ ਟਿਕਾਊ ਵਿਕਾਸ ਅਤੇ ਵਿਸ਼ਵ ਲੀਡਰਸ਼ਿਪ ਪ੍ਰਤੀ ਆਪਣੀ ਵਚਨਬੱਧਤਾ ਦਾ ਪ੍ਰਦਰਸ਼ਨ ਕਰਨ ਦਾ ਮੌਕਾ ਪ੍ਰਦਾਨ ਕਰਦਾ ਹੈ।

WMO ਰਿਪੋਰਟ ਸਮੂਹਿਕ ਜਨਤਕ ਕਾਰਵਾਈ ਦੀ ਸ਼ੁਰੂਆਤ ਨੂੰ ਲਾਜ਼ਮੀ ਕਰਦੀ ਹੈ - ਜਿਵੇਂ ਕਿ ਕੋਵਿਡ -19 ਮਹਾਂਮਾਰੀ ਦੌਰਾਨ ਹੋਇਆ ਸੀ।

ਇਸ ਚੋਣ ਸੀਜ਼ਨ ਵਿੱਚ, ਡਬਲਯੂਐਮਓ ਰਿਪੋਰਟ ਦਾ ਨਤੀਜਾ ਨਾ ਸਿਰਫ਼ ਸਾਰੀ ਮਨੁੱਖਤਾ ਲਈ, ਸਗੋਂ ਖਾਸ ਤੌਰ 'ਤੇ ਸਾਰੀਆਂ ਰਾਜਨੀਤਿਕ ਪਾਰਟੀਆਂ ਲਈ ਇੱਕ ਵੇਕ-ਅੱਪ ਕਾਲ ਹੋਣਾ ਚਾਹੀਦਾ ਹੈ। WMO, ਸੰਯੁਕਤ ਰਾਸ਼ਟਰ ਅਤੇ ਵਿਗਿਆਨਕ ਭਾਈਚਾਰੇ ਦੁਆਰਾ ਪ੍ਰਗਟਾਈ ਗਈ ਜਲਵਾਯੂ ਪਰਿਵਰਤਨ 'ਤੇ ਚਿੰਤਾ ਨੂੰ ਰਾਜਨੀਤਿਕ ਪਾਰਟੀਆਂ ਨੂੰ ਉਨ੍ਹਾਂ ਦੀਆਂ ਕਾਰਜ ਯੋਜਨਾਵਾਂ ਨੂੰ ਸਪੱਸ਼ਟ ਕਰਨ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ। ਪੂਰਵ-ਉਦਯੋਗਿਕ ਪੱਧਰਾਂ ਤੋਂ ਉੱਪਰ ਔਸਤ ਤਾਪਮਾਨ ਦਾ ਵਾਧਾ 0.12 _ 3 ਦੇ ਅਨਿਸ਼ਚਿਤਤਾ ਦੇ ਅੰਤਰ ਨਾਲ 45 3 ਹੈ। ਡਿਗਰੀ ਸੈਲਸੀਅਸ. ਤਾਪਮਾਨ ਦਾ ਵਾਧਾ ਵੱਖ-ਵੱਖ ਦੇਸ਼ਾਂ ਦੁਆਰਾ ਨਿਰਧਾਰਤ 5 ਡਿਗਰੀ ਸੈਲਸੀਅਸ ਸੀਮਾ ਨੂੰ ਤੋੜਨ ਦੇ ਨੇੜੇ ਹੈ। ਡਬਲਯੂਐਮਓ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ 2023 ਇੱਕ ਸਪੱਸ਼ਟ ਫਰਕ ਨਾਲ ਰਿਕਾਰਡ 'ਤੇ ਸਭ ਤੋਂ ਗਰਮ ਸਾਲ ਸੀ ਅਤੇ ਜਿੱਥੇ ਕਈ ਰਿਕਾਰਡ ਟੁੱਟ ਗਏ ਸਨ। ਸਮੁੰਦਰ ਦੇ ਵਧਦੇ ਤਾਪਮਾਨ, ਗਲੇਸ਼ੀਅਰ ਦੇ ਪਿੱਛੇ ਹਟਣ, ਅੰਟਾਰਕਟਿਕ ਬਰਫ਼ ਦੇ ਢੱਕਣ ਵਿੱਚ ਕਮੀ, ਗ੍ਰਹਿ ਦੇ ਆਲੇ-ਦੁਆਲੇ ਸਮੁੰਦਰੀ ਪੱਧਰ ਦੇ ਵਧਣ ਦੇ ਰਿਕਾਰਡ।

ਸੰਸਾਰ ਦੇ ਸਮੁੰਦਰਾਂ ਦੀ ਗਰਮੀ ਦੀ ਸਮੱਗਰੀ 2023 ਵਿੱਚ ਰਿਕਾਰਡ ਉੱਚੇ ਪੱਧਰ 'ਤੇ ਪਹੁੰਚ ਗਈ, ਜੋ ਕਿ ਸਮੁੰਦਰ ਦੀ ਗਰਮੀ ਦੀ ਸਮੱਗਰੀ ਦਾ ਹੁਣ ਤੱਕ ਦਾ ਸਭ ਤੋਂ ਉੱਚਾ ਪੱਧਰ ਹੈ। ਐਟਲਾਂਟਿਕ ਮੈਰੀਡੀਓਨਲ ਓਵਰਟਰਨਿੰਗ ਸਰਕੂਲੇਸ਼ਨ (ਏਐਮਓਸੀ) ਦਾ ਹੌਲੀ ਹੋਣਾ, ਸਮੁੰਦਰੀ ਕਰੰਟਾਂ ਦੀ ਇੱਕ ਪ੍ਰਣਾਲੀ। ਗਲੋਬਲ ਮਤਲਬ ਸਮੁੰਦਰੀ ਸਤਹ ਤਾਪਮਾਨ (SSTs) 2023 ਵਿੱਚ ਇੱਕ ਰਿਕਾਰਡ ਉੱਚੇ ਪੱਧਰ 'ਤੇ ਸੀ, ਪਿਛਲੇ ਰਿਕਾਰਡ ਨੂੰ ਕਈ ਮਹੀਨਿਆਂ ਦੇ ਮਹੱਤਵਪੂਰਨ ਫਰਕ ਨਾਲ ਤੋੜਦਾ ਹੈ। ਗਲੋਬਲ ਸਮੁੰਦਰ ਨੇ 32% ਦੀ ਔਸਤ ਰੋਜ਼ਾਨਾ ਸਮੁੰਦਰੀ ਹੀਟਵੇਵ ਕਵਰੇਜ ਦਾ ਅਨੁਭਵ ਕੀਤਾ, ਜੋ ਕਿ 2016 ਵਿੱਚ 23% ਦੇ ਪਿਛਲੇ ਰਿਕਾਰਡ ਤੋਂ ਬਹੁਤ ਜ਼ਿਆਦਾ ਹੈ। ਅਤਿਅੰਤ ਮੌਸਮੀ ਘਟਨਾਵਾਂ ਜਿਵੇਂ ਕਿ ਗਰਮੀ ਦੀਆਂ ਲਹਿਰਾਂ, ਮੂਸਲਾਧਾਰ ਬਾਰਸ਼ ਅਤੇ ਗਰਮ ਚੱਕਰਵਾਤ ਦੀ ਬਾਰੰਬਾਰਤਾ ਵਧ ਗਈ ਹੈ। 2023 ਵਿੱਚ ਨਵਿਆਉਣਯੋਗ ਊਰਜਾ ਉਤਪਾਦਨ ਵਿੱਚ ਵਾਧਾ ਹੋਇਆ ਹੈ, ਜਿਸ ਵਿੱਚ ਨਵਿਆਉਣਯੋਗ ਸਮਰੱਥਾ ਵਿੱਚ ਪਿਛਲੇ ਸਾਲ ਦੇ ਮੁਕਾਬਲੇ ਲਗਭਗ 50% ਦਾ ਵਾਧਾ ਹੋਇਆ ਹੈ। 18ਵੀਂ ਸਦੀ ਦੇ ਮੱਧ ਤੋਂ ਉਦਯੋਗਿਕ ਤਰੱਕੀ ਦੇ ਮੁੱਖ ਚਾਲਕ ਸਾਰੇ ਖੇਤਰਾਂ ਵਿੱਚ ਮਸ਼ੀਨੀਕਰਨ ਅਤੇ ਤਕਨਾਲੋਜੀ ਆਧਾਰਿਤ ਨਵੀਨਤਾ ਰਹੇ ਹਨ। ਉਦਯੋਗਿਕ ਕ੍ਰਾਂਤੀ ਤੋਂ ਬਾਅਦ ਦੇ ਸਮੇਂ ਵਿੱਚ ਹੋਰ ਅੱਗੇ ਵਧਣ ਲਈ ਕੁਦਰਤੀ ਸਰੋਤਾਂ ਦੀ ਸ਼ੋਸ਼ਣ ਵਿੱਚ ਕਾਫ਼ੀ ਵਾਧਾ ਹੋਇਆ ਹੈ। ਕੁਦਰਤੀ ਸਰੋਤਾਂ ਦੀ ਵਰਤੋਂ ਦੁਆਰਾ ਚਲਾਈ ਗਈ ਤਰੱਕੀ ਦਾ ਵਾਤਾਵਰਣ 'ਤੇ ਮਾੜਾ ਪ੍ਰਭਾਵ ਪਿਆ।

ਊਰਜਾ ਲੋੜਾਂ ਲਈ ਕੁਦਰਤੀ ਸਰੋਤਾਂ 'ਤੇ ਨਿਰਭਰਤਾ ਦਾ ਜਲਵਾਯੂ 'ਤੇ ਬਹੁਤ ਵੱਡਾ ਪ੍ਰਭਾਵ ਪੈਂਦਾ ਹੈ। ਜੈਵਿਕ ਇੰਧਨ ਦੀ ਵਰਤੋਂ ਨੇ ਗ੍ਰੀਨਹਾਉਸ ਗੈਸਾਂ ਦੇ ਵੱਡੇ ਪੱਧਰ 'ਤੇ ਨਿਕਾਸ ਦਾ ਕਾਰਨ ਬਣਾਇਆ ਹੈ, ਜੋ ਸਿੱਧੇ ਤੌਰ 'ਤੇ ਵਿਸ਼ਵ ਤਾਪਮਾਨ ਨੂੰ ਵਧਾਉਂਦਾ ਹੈ। ਭਾਰਤ ਨੂੰ ਗ੍ਰੀਨਹਾਊਸ ਗੈਸਾਂ ਦੇ ਨਿਕਾਸ ਨੂੰ ਘਟਾਉਣ ਅਤੇ ਨਵਿਆਉਣਯੋਗ ਊਰਜਾ ਸਰੋਤਾਂ ਵੱਲ ਵਧਣ ਲਈ ਆਪਣੀ ਵਚਨਬੱਧਤਾ ਦਾ ਪ੍ਰਦਰਸ਼ਨ ਕਰਨਾ ਚਾਹੀਦਾ ਹੈ ਕਿਉਂਕਿ ਦੇਸ਼ ਪੈਰਿਸ ਸਮਝੌਤੇ ਵਿੱਚ ਦੱਸੇ ਗਏ ਟੀਚਿਆਂ ਤੱਕ ਪਹੁੰਚਣ ਲਈ ਕੰਮ ਕਰਦੇ ਹਨ। ਰਾਜਨੀਤਿਕ ਪਾਰਟੀਆਂ ਆਪਣੇ ਪਲੇਟਫਾਰਮਾਂ ਵਿੱਚ ਖਾਸ ਨੀਤੀਆਂ ਅਤੇ ਕਾਰਵਾਈਆਂ ਦੀ ਰੂਪਰੇਖਾ ਦੇ ਕੇ ਜਲਵਾਯੂ ਪਰਿਵਰਤਨ ਅਤੇ ਇਸਦੇ ਪ੍ਰਭਾਵਾਂ ਨੂੰ ਸੰਬੋਧਿਤ ਕਰ ਸਕਦੀਆਂ ਹਨ। ਇਸ ਤੋਂ ਇਲਾਵਾ, ਭਾਰਤ ਵਿੱਚ ਚੋਣ ਮੌਸਮ ਜਲਵਾਯੂ ਪਰਿਵਰਤਨ 'ਤੇ ਚਰਚਾ ਨੂੰ ਵਧਾਉਣ ਅਤੇ ਵਾਤਾਵਰਣ ਦੇ ਮੁੱਦਿਆਂ 'ਤੇ ਸਿਆਸੀ ਪਾਰਟੀਆਂ ਨੂੰ ਉਨ੍ਹਾਂ ਦੇ ਰੁਖ ਲਈ ਜਵਾਬਦੇਹ ਬਣਾਉਣ ਦਾ ਇੱਕ ਵਿਲੱਖਣ ਮੌਕਾ ਪੇਸ਼ ਕਰਦਾ ਹੈ। ਵੋਟਰਾਂ ਦਾ ਅਨੁਮਾਨ ਹੈ ਕਿ ਰਾਜਨੀਤਿਕ ਨੇਤਾ ਆਪਣੇ ਨੀਤੀ ਏਜੰਡੇ 'ਤੇ ਟਿਕਾਊ ਹੱਲਾਂ ਨੂੰ ਉੱਚ ਤਰਜੀਹ ਦੇਣਗੇ ਕਿਉਂਕਿ ਜਲਵਾਯੂ ਤਬਦੀਲੀ ਬਾਰੇ ਉਨ੍ਹਾਂ ਦੀਆਂ ਚਿੰਤਾਵਾਂ ਵਧਦੀਆਂ ਹਨ। ਰਾਜਨੀਤਿਕ ਮੁਹਿੰਮਾਂ ਮਹੱਤਵਪੂਰਨ ਵਾਤਾਵਰਣ ਸੰਬੰਧੀ ਚਿੰਤਾਵਾਂ 'ਤੇ ਲੋਕਾਂ ਨਾਲ ਗੱਲਬਾਤ ਕਰ ਸਕਦੀਆਂ ਹਨ ਅਤੇ ਜਲਵਾਯੂ ਪਰਿਵਰਤਨ ਕਾਰਜ ਯੋਜਨਾਵਾਂ ਨੂੰ ਸ਼ਾਮਲ ਕਰਕੇ ਉਹਨਾਂ ਨੂੰ ਹੱਲ ਕਰਨ ਲਈ ਆਪਣੀ ਵਚਨਬੱਧਤਾ ਦਿਖਾ ਸਕਦੀਆਂ ਹਨ। ਜਿਵੇਂ ਕਿ ਭਾਰਤ ਗਲੋਬਲ ਸਟੇਜ 'ਤੇ ਆਪਣੀ ਸਹੀ ਜਗ੍ਹਾ ਦਾ ਦਾਅਵਾ ਕਰਨਾ ਚਾਹੁੰਦਾ ਹੈ ਅਤੇ "ਅੰਮ੍ਰਿਤ ਯੁੱਗ" ਵਿੱਚ ਇੱਕ ਮਜ਼ਬੂਤ ਵਿਸ਼ਵ ਸ਼ਕਤੀ ਵਜੋਂ ਉਭਰਨਾ ਚਾਹੁੰਦਾ ਹੈ, ਜਲਵਾਯੂ ਪਰਿਵਰਤਨ ਨੂੰ ਸੰਬੋਧਿਤ ਕਰਨ ਵਿੱਚ ਇਸਦੀ ਅਗਵਾਈ ਦੀ ਪ੍ਰਭਾਵਸ਼ੀਲਤਾ ਨੂੰ ਨੇੜਿਓਂ ਦੇਖਿਆ ਜਾਵੇਗਾ। ਰਾਜਨੀਤਿਕ ਸਪੈਕਟ੍ਰਮ ਵਿੱਚ, ਪਾਰਟੀਆਂ ਭਾਰਤ ਦੀ ਆਰਥਿਕ ਖੁਸ਼ਹਾਲੀ ਨੂੰ ਅੱਗੇ ਵਧਾਉਣ ਅਤੇ ਇਸਦੀ ਆਬਾਦੀ ਦੀ ਭਲਾਈ ਵਿੱਚ ਸੁਧਾਰ ਕਰਨ ਦੇ ਉਦੇਸ਼ ਨਾਲ ਪਹਿਲਕਦਮੀਆਂ ਨੂੰ ਤਰਜੀਹ ਦੇ ਰਹੀਆਂ ਹਨ। ਹਾਲਾਂਕਿ, ਰਾਸ਼ਟਰੀ ਪ੍ਰਗਤੀ ਲਈ ਕੋਈ ਵੀ ਵਿਆਪਕ ਏਜੰਡਾ ਕਾਰਜਯੋਗ ਯੋਜਨਾਵਾਂ ਦੁਆਰਾ ਜਲਵਾਯੂ ਪਰਿਵਰਤਨ ਦੀ ਕੇਂਦਰੀ ਚੁਣੌਤੀ ਨੂੰ ਹੱਲ ਕਰਨ ਲਈ ਠੋਸ ਯਤਨਾਂ ਤੋਂ ਬਿਨਾਂ ਨਾਕਾਫ਼ੀ ਹੋਵੇਗਾ।


***ਰਾਜਨੀਤੀ ਵਿਗਿਆਨ ਵਿੱਚ ਖੋਜ ਵਿਦਵਾਨ,**
**ਕਵਿਤਰੀ, ਸੁਤੰਤਰ ਪੱਤਰਕਾਰ ਅਤੇ ਕਾਲਮਨਵੀਸ,**
**ਉਬਾ ਭਵਨ, ਆਰੀਆਨਗਰ, ਹਿਸਾਰ (ਹਰਿਆਣਾ)-127045**
**(ਮੋ.) 7015375570 (ਟਾਕ+ਵਟਸ ਐਪ)**


# ਗੀਤ ਕੋਇਲ



ਕੋਇਲ ਅੰਬਾਂ ਦੇ ਬਾਗਾਂ ਵਿੱਚ ਆਈ
ਪੌਣ ਅੰਬਾਂ ਦੀ ਖੁਸ਼ਬੂ ਦਾ ਸੰਦੇਸ਼ਾ ਦੇ ,
ਕੋਇਲ ਨੂੰ ਵਿੱਚ ਬਾਗਾਂ ਦੇ ਸੱਦ ਲਿਆਈ ।
ਕੁ -ਕੁ ,ਕੂਊਂ- ਕੂਊਂ ,ਕਰਕੇ ਕੋਇਲ ਨੇ ,
ਰੌਣਕ ਅੰਬਾਂ ਦੇ ਬਾਗਾਂ ਵਿੱਚ ਲਗਾਈ ।
ਰੁੱਤ ਅੰਬਾਂ ਦੀ ,ਸੱਦ ਕੋਇਲ ਨੂੰ ਲਿਆਈ,
ਕੋਇਲ ਉੱਡ ,ਅੰਬਾਂ ਦੇ ਬਾਗਾਂ ਵਿੱਚ ਆਈ।
ਕੁ- ਕੁ ,ਕਊਂ -ਕੂਊਂ , ਕੁਹੂੰ ਕੂੰ ਮਿੱਠੀ ਬੋਲੀ,
ਕੋਇਲ ਦੀ ,ਸਭ ਦੇ ਮਨ ਨੂੰ ਭਾਉਂਦੀ,
ਉੱਡਦੀ , ਬੈਠਦੀ , ਮਸਤੀ ਕਰ ਕੋਇਲ,
ਬਿਨਾਂ ਤਨਖਾਹ ਦੇ ਕਰਕੇ ਚਾਕਰੀ ,
ਮਿੱਠੇ ਗੀਤ ਸੁਣਾਉਂਦੀ, ਬਾਗਾਂ ਵਿੱਚ ਆਈ,
ਕੁ -ਕੁ ,ਕੂਊਂ- ਕੂਊਂ ਕਰਕੇ ਕੋਇਲ ਨੇ,
ਰੌਣਕ ਅੰਬਾਂ ਦੇ ਬਾਗਾਂ ਵਿੱਚ ਲਗਾਈ ।
ਰੁੱਤ ਅੰਬਾਂ ਦੀ ਸੱਦ ਕੋਇਲ ਨੂੰ ਲਿਆਈ,
ਕੋਇਲ ਉੱਡ, ਅੰਬਾਂ ਦੇ ਬਾਗਾਂ ਵਿੱਚ ਆਈ।
ਆਸ਼ਿਕ ਕਾਂ ,ਪਿੱਛੇ ਕੋਇਲ ਦੇ ਉੱਡਿਆ,
ਪਾਰਾ ਚੜ੍ਹ, ਕੋਇਲ ਫਟਕਾਰ ਲਗਾਈ ,
ਵੇ , ਰਗ -ਰਗ ਤੇਰਾ, ਮੈ ਜਾਣਦੀ ਕਾਂਵਾਂ।
ਕਰਕਸ਼ ਤੇਰੀ, ਬੋਲੀ ਨਾ ਮੈਨੂੰ ਭਾਉਂਦੀ ,
ਖੰਡ -ਮਿਸ਼ਰੀ ,ਸ਼ਿਹਦੋ ਮਿੱਠੀ ,ਮੇਰੀ ਬੋਲੀ ,
ਅੰਬਾਂ ਦੇ ਬਾਗਾਂ ਵਿੱਚ ਚੁਗਿਰਦੇ ਸਮਾਈ ।
ਕੁ -ਕੁ ,ਕੂਊਂ -ਕੂਊਂ ਕਰਕੇ ਕੋਇਲ ਨੇ ,
ਰੌਣਕ ਅੰਬਾਂ ਦੇ ਬਾਗਾਂ ਵਿੱਚ ਲਗਾਈ ।
ਰੁੱਤ ਅੰਬਾਂ ਦੀ , ਸੱਦ ਕੋਇਲ ਨੂੰ ਲਿਆਈ ,
ਕੋਇਲ ਉੱਡ ,ਅੰਬਾਂ ਦੇ ਬਾਗਾਂ ਵਿੱਚ ਆਈ।
ਮਸਤੀ ਭਰੀ ਮਨਮੋਜੀ ਕਰਦੀ ਮੈ ,
ਮੈ ਅੰਬਾਂ ਦੇ ਬਾਗਾਂ ਦੀ ਸੁਰੀਲੀ ਮਹਾਰਾਣੀ ।
ਕੋਇਲ ਦੇਵੇ ਸ਼ਿਹਦੋ, ਖੰਡ -ਮਿਸਰੀ ,
ਬੋਲੀ ਦੀ ਉਪਮਾ ,ਕਰਕੇ ਦੇਵੇ ਦਹਾਈ ।
ਕੁ -ਕੁ , ਕੂਊਂ ਕੂਊਂ ਕਰਕੇ ਕੋਇਲ ਨੇ,
ਰੌਣਕ ਅੰਬਾਂ ਦੇ ਬਾਗਾਂ ਵਿੱਚ ਲਗਾਈ ।
ਰੁੱਤ ਅੰਬਾਂ ਦੀ ਸੱਦਕੋਇਲ ਨੂੰ ਲਿਆਈ,
ਕੋਇਲ ਉੱਡ, ਅੰਬਾਂ ਦੇ ਬਾਗਾਂ ਵਿੱਚ ਆਈ।
ਬਬੀਤਾ ਘਈ ਆਖੇ , ਕੋਇਲ ਮਿੱਠੀ ਬੋਲੀ ,
ਤੇਰੀ, ਮਨ ਮੇਰੇ ਚੁਗਿਰਦੇ 'ਚ ਸਮਾਈ ।
ਬਿਨਾਂ ਤਨਖਾਹ ਦੇ ਚਾਕਰੀ ਕਰਕੇ,
ਮਿੱਠੇ ਗੀਤ ਸੁਣਾਉਂਦੀ, ਵਿੱਚ ਬਾਗਾਂ ਦੇ ਆਈ।
ਕੁ -ਕੁ, ਕੂਊਂ -ਕਊਂ ਕਰਕੇ ਕੋਇਲ ਨੇ ,
ਰੌਣਕ ਅੰਬਾਂ ਦੇ ਬਾਗਾਂ ਵਿੱਚ ਲਗਾਈ ।
ਰੁੱਤ ਅੰਬਾਂ ਦੀ, ਸੱਦ ਕੋਇਲ ਨੂੰ ਲਿਆਈ,
ਕੋਇਲ ਉੱਡ, ਅੰਬਾਂ ਦੇ ਬਾਗਾਂ ਵਿੱਚ ਆਈ।


**-ਬਬੀਤਾ ਘਈ, ਜਿਲ੍ਹਾ ਲੁਧਿਆਣਾ**
**ਫੋਨ ਨੰਬਰ 6239083668**


# ਸਾਰੇ ਜ਼ਿੰਦਗੀ ਦੇ ਸਿੱਖਣ ਅਸੂਲ ਚੱਲੀਏ



ਸਾਰੇ ਜ਼ਿੰਦਗੀ ਦੇ ਸਿੱਖਣ ਅਸੂਲ ਚੱਲੀਏ,
ਆਓ ਬੱਚਿਓ ਸਰਕਾਰੀ ਸਕੂਲ ਚੱਲੀਏ।

ਚੰਗਿਆਂ ਦੀ ਕਰੀਦੀ ਚੰਗੀ ਰੀਸ ਬੱਚਿਓ,
ਲੱਗਣੀ ਨੀ ਥੋਡੀ ਕੋਈ ਇੱਥੇ ਫੀਸ ਬੱਚਿਓ।
ਆਜੋ ਦਾਖਲਾ ਕਰਾਓ ਤੇ ਪੜ੍ਹਾਈ ਕਰੀਏ,
ਸਮੇਂ ਦੇ ਪਾਬੰਦ ਲੈ ਕੇ ਆਪਾਂ ਰੂਲ ਚੱਲੀਏ।
ਆਓ ਬੱਚਿਓ ਸਰਕਾਰੀ ਸਕੂਲ ਚੱਲੀਏ।

ਸਿਹਤ ਦਾ ਖ਼ਿਆਲ ਚੰਗਾ ਖਾਣ ਮਿਲੂਗਾ
ਮੁਫ਼ਤ ਕਿਤਾਬਾਂ ਨਾਲ ਉੱਚਾ ਗਿਆਨ ਮਿਲੂਗਾ।
ਮਿਲ਼ੇ ਸਰਕਾਰ ਵੱਲੋਂ ਮੁਫਤ 'ਚ ਵਰਦੀ,
ਪਾਕੇ ਆੜੀਆਂ ਦੇ ਨਾਲ਼ ਝੂਲ-ਝੂਲ ਚੱਲੀਏ।
ਆਓ ਬੱਚਿਓ ਸਰਕਾਰੀ ਸਕੂਲ ਚੱਲੀਏ।

ਪੜ੍ਹਾਈ ਨਾਲ਼ ਖੇਡਾਂ ਤੇ ਟੂਰ ਵੀ ਘੁੰਮਾਉਂਦੇ ਨੇ,
ਸਾਰੇ ਅਧਿਆਪਕ ਪਿਆਰ ਨਾਲ਼ ਪੜ੍ਹਾਉਂਦੇ ਨੇ।
ਨਵੀਂ ਜਮਾਤ ਵਿੱਚ ਹੁਣ ਵੱਧ ਕਰਨੀ ਪੜ੍ਹਾਈ,
ਘਰੇ ਛੱਡ ਕੇ ਬਹਾਨੇ ਸਭ ਫਜ਼ੂਲ ਚੱਲੀਏ।
ਆਓ ਬੱਚਿਓ ਸਰਕਾਰੀ ਸਕੂਲ ਚੱਲੀਏ।

ਬਾਹਰ ਜਾਣ ਦੀ ਹੁਣੇ ਹੀ ਲੱਗੀ ਬਿਮਾਰੀ,
ਇੱਥੋਂ ਪੜ੍ਹੇ ਲੱਗੇ ਪਹਿਲਾਂ ਵੱਡੇ ਅਫ਼ਸਰ ਸਰਕਾਰੀ।
ਚੰਗੇ ਭਵਿੱਖ ਲਈ ਇੱਥੇ ਕਰ ਮਿਹਨਤਾਂ,
ਉਹਦਾ ਵਿਆਜ਼ ਸਮੇਤ ਲੈਕੇ ਮੂਲ ਚੱਲੀਏ।
ਆਓ ਬੱਚਿਓ ਸਰਕਾਰੀ ਸਕੂਲ ਚੱਲੀਏ।

ਇੰਗਲਿਸ਼ ਵਿੱਚ ਵੀ ਇੱਥੇ ਹੁੰਦੀ ਏ ਪੜ੍ਹਾਈ,
ਪਰ ਆਪਣੀ ਬੋਲੀ ਵੀ ਨਹੀਂ ਕਰਨੀ ਪਰਾਈ।
ਸੁਖਚੈਨ ਸਿੰਘ ਮਾਸਟਰ ਕੋਲੋਂ ਲੈਕੇ ਹੱਲਾਸ਼ੇਰੀ,
ਨਾਲ਼ ਸਮੇਂ ਦੇ ਹੋ ਕੇ ਆਪਾਂ ਅਨੁਕੂਲ ਚੱਲੀਏ।
ਆਓ ਬੱਚਿਓ ਸਰਕਾਰੀ ਸਕੂਲ ਚੱਲੀਏ।


**-ਮਾਸਟਰ ਸ. ਸੁਖਚੈਨ ਸਿੰਘ ਕੁਰੜ**
**9463551814**
**ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੂੰਮ (ਬਰਨਾਲਾ)**



ਮਾਲਕ, ਪ੍ਰਕਾਸ਼ਕ, ਪ੍ਰਿੰਟਰ ਤੇ ਸੰਪਾਦਕ ਸੁਦੇਸ਼ ਕੁਮਾਰ ਬੱਗਾ ਨੇ 'ਸਟਿੰਗ ਆਪ੍ਰੇਸ਼ਨ' ਦਾ ਇਹ ਅੰਕ ਪਲਮਗ ਪ੍ਰਿੰਟਰਜ਼, 448/13, ਅਵਤਾਰ ਨਗਰ, ਜਲੰਧਰ-144001 (ਪੰਜਾਬ) ਤੋਂ ਛਪਵਾ ਕੇ ਹਾਊਸ ਨੰ. 125, ਪਿੰਡ ਮਲਕੋ, ਡਾਕ. ਤਰਾੜ-144026, ਜ਼ਿਲ੍ਹਾ ਜਲੰਧਰ (ਪੰਜਾਬ) ਤੋਂ ਪ੍ਰਕਾਸ਼ਤ ਕੀਤਾ। RNI Regd. No. PUNMUL/2012/47956

मालिक, प्रकाशक, प्रिंटर्ज एवं सम्पादक सुदेश कुमार बग्गा ने 'स्टिंग आप्रेशन' का यह अंक पलमग प्रिंटरज, 448/13, अवतार नगर, जालन्धर-144001 (पंजाब) से छपवा कर हाऊस नं. 125, गांव मलको, डाकघर तराड़-144026, जिला जालन्धर (पंजाब) से प्रकाशित किया। RNI Regd. No. PUNMUL/2012/47956

Editor, Printers and Publisher Sudesh Kumar Bagga, Printed at Plamag Printers, 448/13, Avtar Nagar, Jalandhar-144001 (Punjab) and Published from H. No. 125 Vill. Malko, P.O. Trarh. Distt. Jalandhar (Punjab). RNI Regd. No. PUNMUL/2012/47956



☛ 'ਸਟਿੰਗ ਆਪ੍ਰੇਸ਼ਨ' 'ਚ ਪ੍ਰਕਾਸ਼ਿਤ ਸਮੱਗਰੀ ਅਤੇ ਹੋਰ ਵਾਦ-ਵਿਵਾਦ ਸੰਬੰਧੀ ਕੇਸਾਂ ਦਾ ਨਿਪਟਾਰਾ ਸਿਰਫ਼ ਜਲੰਧਰ ਕੋਰਟ ਵਿੱਚ ਹੀ ਹੋਵੇਗਾ। ☛ ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ। ☛ ਖ਼ਬਰਾਂ ਪ੍ਰਤੀ ਜ਼ਿੰਮੇਵਾਰੀ ਸੰਬੰਧਤ ਪੱਤਰਕਾਰ ਦੀ ਹੋਵੇਗੀ।

# ਸਟਿੰਗ ਆਪ੍ਰੇਸ਼ਨ ਅੰਮ੍ਰਿਤਸਰ (ਖਬਰਨਾਮਾ)

e-mail : stingnews24@gmail.com
www.stingoperation.us

ਜਲੰਧਰ । ਐਤਵਾਰ, 7 ਅਪ੍ਰੈਲ 2024






### ਨਵੇਂ ਵਿਦਿਅਕ ਵਰੇ ਦੀ ਸ਼ੁਰੂਆਤ ਤੇ ਖਾਲਸਾ ਪੰਥ ਦੇ ਜਨਮ ਦਿਹਾੜੇ (ਵਿਸਾਖੀ) ਨੂੰ ਸਮਰਪਿਤ

# ਸਰਕਾਰੀ ਐਲੀਮੈਂਟਰੀ ਸਕੂਲ ਕਾਲਾ ਵਿਖੇ ਮੁੱਖ ਅਧਿਆਪਕ ਸੁਖਵਿੰਦਰ ਸਿੰਘ ਮਾਨ ਤੇ ਸਮੂਹ ਸਟਾਫ ਤੇ ਬੱਚਿਆਂ ਵੱਲੋਂ ਧਾਰਮਿਕ ਸਮਾਗਮ ਕਰਵਾਏ













ਅੰਮ੍ਰਿਤਸਰ, 6 ਅਪ੍ਰੈਲ (ਹਰਪਾਲ ਸਿੰਘ ਭੰਗੂ)– ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪੈਣ ਉਪਰੰਤ ਜੁਗੋ ਜੁਗ ਅਟੱਲ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜੂਰੀ ਵਿੱਚ ਸੱਜੇ ਧਾਰਮਿਕ ਸਮਾਗਮ ਦੌਰਾਨ ਸ੍ਰੀ ਦਰਬਾਰ ਸਾਹਿਬ ਜੀ ਦੇ ਹਜ਼ੂਰੀ ਰਾਗੀ ਭਾਈ ਨਿਰਭੈ ਸਿੰਘ ਦੇ ਕੀਰਤਨੀਏ ਜਥੇ ਵੱਲੋਂ ਅੰਮ੍ਰਿਤਮਈ ਗੁਰਬਾਣੀ ਦਾ ਰਸਭਿਨਾ ਕੀਰਤਨ ਕਰਕੇ ਸੰਗਤਾਂ ਨੂੰ ਗੁਰੂ ਸ਼ਬਦ ਨਾਲ ਜੋੜਿਆ ਗਿਆ ਇਸ ਮੌਕੇ ਬਲਾਕ ਸਿੱਖਿਆ ਅਫਸਰ ਵੇਰਕਾ ਸ੍ਰੀ ਕੁਲਵੰਤ ਸਿੰਘ ਪੰਨੂ ,ਸੈਂਟਰ ਹੈਡ ਟੀਚਰ ਸ਼੍ਰੀਮਤੀ ਚੰਦਰ ਕਿਰਨ, ਜ਼ਿਲਾ ਪ੍ਰਧਾਨ ਮੋਹਨਜੀਤ ਸਿੰਘ ਵੇਰਕਾ ,ਸੁਰੇਸ਼ ਕੁਮਾਰ ਖੁੱਲਰ ਗੁਰਪ੍ਰੀਤ ਸਿੰਘ ਥਿੰਦ, ਦਿਨੇਸ਼ ਕੁਮਾਰ ਭੱਲਾ, ਹਰਗੋਪਾਲ ਸਿੰਘ ਖਾਪੜਖੇੜੀ(ਦੋਨੋ ਸੈਂਟਰ ਹੈਡ ਟੀਚਰ) ਰਾਕੇਸ਼ ਕੁਮਾਰ ਵੇਰਕਾ,ਪ੍ਰਦੀਪ ਸਿੰਘ ਭਕਨਾਂ, ਸੁਖਦੀਪ ਸਿੰਘ ਆੜਤੀ,ਸੁਖਜੀਤ ਸਿੰਘ ਭਕਨਾ,ਹਰਪ੍ਰੀਤ ਸਿੰਘ ਸੋਹੀ,ਰਾਮ ਸਿੰਘ,ਸੁੱਖਵਿੰਦਰ ਸਿੰਘਵੇਰਕਾ ਯਾਦਵਿੰਦਰ ਸਿੰਘ ਯਾਦੂ, ਮਨਮੋਹਨ ਸਿੰਘ ਵੇਰਕਾ,ਨਵਜੋਤ ਕੌਰ ਹਮੀਦਪੁਰਾ,ਨਵਨੀਤ ਕੌਰ,ਮੋਨਿਕਾ ਗੁਪਤਾ, ਜਸਪਾਲ ਸਿੰਘ ਪੁਤਲੀਘਰ, ਸੰਦੀਪ ਸਿੰਘ ਕਾਲੇ, ਸ਼ਮਸ਼ੇਰ ਸਿੰਘ ਸੰਧੂ ਆਦਿ ਸ਼ਾਮਿਲ ਹੋਏ

# ਪਿੰਡ ਕੰਦੋਵਾਲੀ ਤਿਹਰਾ ਕਤਲ ਕਾਂਡ: ਤਿੰਨਾਂ ਜੀਆਂ ਦੇ ਇਕੱਠੇ ਬਲੇ ਸਿਵੇ


















ਅੰਮ੍ਰਿਤਸਰ, 6 ਅਪ੍ਰੈਲ (ਹਰਪਾਲ ਸਿੰਘ ਭੰਗੂ)– ਅੰਮ੍ਰਿਤਸਰ ਦੇ ਨਾਲ ਲੱਗਦੇ ਪਿੰਡ ਕੰਦੋਵਾਲੀ ਵਿਖੇ ਬੀਤੇ ਦਿਨ ਇੱਕ ਵਿਅਕਤੀ ਵੱਲੋਂ ਆਪਣੇ ਹੀ ਪਰਿਵਾਰ ਦੇ ਤਿੰਨ ਜੀਆਂ ਦਾ ਬੇਰਹਿਮੀ ਦੇ ਨਾਲ ਕਤਲ ਕਰ ਦਿੱਤਾ ਗਿਆ ਸੀ, ਅੱਜ ਉਹਨਾਂ ਸਾਰੇ ਜੀਆਂ ਦਾ ਪਿੰਡ ਦੀਆਂ ਮੜੀਆਂ ਦੇ ਵਿੱਚ ਅੰਤਿਮ ਸੰਸਕਾਰ ਕਰ ਦਿੱਤਾ ਗਿਆ।। ਇਸ ਮੌਕੇ ਤੇ ਇਲਾਕੇ ਦਾ ਕੋਈ ਵੀ ਅਜਿਹਾ ਵਿਅਕਤੀ ਨਹੀਂ ਹੋਵੇਗਾ ਜੋ ਕਿ ਸੰਸਕਾਰ ਦੇ ਮੌਕੇ ਤੇ ਨਹੀਂ ਪਹੁੰਚਿਆ ਅਤੇ ਕਿਹੜਾ ਐਸਾ ਵਿਅਕਤੀ ਸੀ ਜਿਸ ਦੀਆਂ ਅੱਖਾਂ ਨਮ ਨਾ ਹੋਈਆਂ ਹੋਣ। ਦਰਅਸਲ ਬੀਤੇ ਦਿਨ ਅੰਮ੍ਰਿਤਪਾਲ ਸਿੰਘ ਨਾਮ ਦੇ ਵਿਅਕਤੀ ਨੇ ਆਪਣੀ ਮਾਂ ਭਰਜਾਈ ਅਤੇ ਢਾਈ ਸਾਲ ਦੇ ਭਤੀਜੇ ਦਾ ਦਾਤਰਾਂ ਦੇ ਨਾਲ ਵੱਢ ਕੇ ਬੇਰਹਿਮੀ ਦੇ ਨਾਲ ਕਤਲ ਕਰ ਦਿੱਤਾ ਸੀ ਜਿਸ ਤੋਂ ਬਾਅਦ ਅੱਜ ਉਹਨਾਂ ਦਾ ਪੋਸਟਮਾਰਟਮ ਤੋਂ ਬਾਅਦ ਅੰਤਿਮ ਸੰਸਕਾਰ ਕਰ ਦਿੱਤਾ ਗਿਆ। ਸੰਸਕਾਰ ਤੋਂ ਪਹਿਲਾਂ ਤਕ ਅਵਨੀਤ ਕੌਰ ਦੇ ਪੇਕਿਆਂ ਅਤੇ ਕੁਝ ਪਿੰਡ ਵਾਲਿਆਂ ਵਿਚਕਾਰ ਤਿੱਖੀ ਤਕਰਾਰ ਵੀ ਹੋਈ। ਅਵਨੀਤ ਦੇ ਪੇਕੇ ਪਰਿਵਾਰ ਨੇ ਇਲਜ਼ਾਮ ਲਗਾਇਆ ਕਿ ਪਿੰਡ ਵਾਲੇ ਦੋਸ਼ੀ ਅੰਮ੍ਰਿਤ ਪਾਲ ਨੂੰ ਨਸ਼ਈ ਦੱਸ ਕੇ ਜਾਣ ਬੁਝ ਕੇ ਬਚਾਉਣ ਦੀ ਕੋਸ਼ਿਸ਼ ਕਰ ਰਹੇ ਹਨ, ਜਦਕਿ ਅੰਮ੍ਰਿਤਪਾਲ ਸਿੰਘ ਵੱਲੋਂ ਇਹ ਸਭ ਕੁਝ ਸੋਚੀ ਸਮਝੀ ਸਾਜਿਸ਼ ਦੇ ਤਹਿਤ ਕੀਤਾ ਗਿਆ ਹੈ। ਅਵਨੀਤ ਕੌਰ ਦੇ ਪੇਕੇ ਪਰਿਵਾਰ ਨੇ ਇਹ ਵੀ ਇਲਜ਼ਾਮ ਲਗਾਏ ਕਿ ਇਸ ਵਿੱਚ ਅੰਮ੍ਰਿਤਪਾਲ ਦੀ ਪਤਨੀ ਵੀ ਉਸ ਦੇ ਨਾਲ ਮਿਲੀ ਹੋਈ ਹੈ ਅਤੇ ਪਿੰਡ ਵਾਲੇ ਇਹਨਾਂ ਦੋਹਾਂ ਨੂੰ ਬਚਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਉਧਰ ਦੂਸਰੇ ਪਾਸੇ ਕਾਤਲ ਅੰਮ੍ਰਿਤ ਪਾਲ ਸਿੰਘ ਦੀ ਪਤਨੀ ਨੇ ਪੱਤਰਕਾਰਾਂ ਦੇ ਨਾਲ ਗੱਲਬਾਤ ਕਰਦੇ ਹੋਏ ਦੱਸਿਆ ਕਿ ਉਸ ਦਾ ਇਸ ਕਤਲ ਦੇ ਨਾਲ ਕੋਈ ਸੰਬੰਧ ਨਹੀਂ ਹੈ ਉਸ ਦਾ ਸਗੋਂ ਆਪਣੀ ਦਰਾਣੀ ਦੇ ਨਾਲ ਬਹੁਤ ਪਿਆਰ ਸੀ ਅਤੇ ਜਦ ਵੀ ਉਹ ਪਿੰਡ ਆਉਂਦੀ ਸੀ ਤਾਂ ਉਹ ਉਸਦਾ ਬਹੁਤ ਸਤਿਕਾਰ ਕਰਦੀ ਸੀ। ਦਰਅਸਲ ਅੰਮ੍ਰਿਤ ਪਾਲ ਸਿੰਘ ਦੀ ਪਤਨੀ ਅੰਮ੍ਰਿਤ ਪਾਲ ਦੇ ਗਲਤ ਵਤੀਰੇ ਦੇ ਚਲਦਿਆਂ ਪਿਛਲੇ ਅੱਠਾਂ ਮਹੀਨਿਆਂ ਤੋਂ ਆਪਣੇ ਪੇਕੇ ਹੀ ਰਹਿ ਰਹੀ ਹੈ। ਮ੍ਰਿਤਕ ਅਵਨੀਤ ਕੌਰ ਅਤੇ ਛੋਟੇ ਬੱਚੇ ਸਮਰੱਥ ਦੀ ਹੱਤਿਆ ਦੇ ਮਾਮਲੇ ਦੇ ਵਿੱਚ ਅਵਨੀਤ ਦੇ ਪੇਕੇ ਪਰਿਵਾਰ ਨੇ ਕਾਨੂੰਨ ਦੇ ਕੋਲੋਂ ਇਨਸਾਫ ਦੀ ਮੰਗ ਕੀਤੀ ਹੈ । ਇਹ ਸਾਰੇ ਵਿਵਾਦ ਨੂੰ ਸਿਆਣੇ ਮੋਹਤਬਾਰ ਬੰਦਿਆਂ ਵੱਲੋਂ ਸਲਝਾਉਣ ਤੋਂ ਬਾਅਦ ਤਿੰਨਾਂ ਮ੍ਰਿਤਕਾਂ ਦਾ ਅੰਤਿਮ ਸੰਸਕਾਰ ਕਰ ਦਿੱਤਾ ਗਿਆ। ਕਾਤਲ ਅੰਮ੍ਰਿਤ ਪਾਲ ਦੀ ਮਾਤਾ ਦਾ ਸੰਸਕਾਰ ਇੱਕ ਚਿਖਾ ਵਿੱਚ ਹੋਇਆ ਜਦ ਕਿ ਅਵਨੀਤ ਕੌਰ ਅਤੇ ਉਸਦੇ ਢਾਈ ਸਾਲ ਦੇ ਪੁੱਤਰ ਸਮਰੱਥ ਦਾ ਸਸਕਾਰ ਇੱਕ ਚਿਤਾ ਵਿੱਚ ਕੀਤਾ ਗਿਆ।

# ਸਟਿੰਗ ਆਪ੍ਰੇਸ਼ਨ

e-mail : stingnews24@gmail.com
www.stingoperation.us

ਜਲੰਧਰ । ਐਤਵਾਰ, 7 ਅਪ੍ਰੈਲ 2024






### ਐਸ.ਡੀ.ਐਮ.ਬਲਬੀਰ ਰਾਜ ਵਲੋਂ ਕਰਤਾਰਪੁਰ ਦਾਣਾ ਮੰਡੀ ਦਾ ਦੌਰਾ

## ਕਣਕ ਦੀ ਖ਼ਰੀਦ ਲਈ ਕੀਤੇ ਜਾ ਰਹੇ ਪ੍ਰਬੰਧਾਂ ਦਾ ਲਿਆ ਜਾਇਜ਼ਾ



ਕਰਤਾਰਪੁਰ, 06 ਅਪ੍ਰੈਲ (ਸ਼ਿਵ ਕੁਮਾਰ ਰਾਜੂ )-ਮੰਡੀਆਂ ਵਿੱਚ ਕਣਕ ਦੀ ਸੁਚਾਰੂ ਖ਼ਰੀਦ ਨੂੰ ਯਕੀਨੀ ਬਣਾਉਣ ਲਈ ਉਪ ਮੰਡਲ ਮੈਜਿਸਟਰੇਟ ਜਲੰਧਰ-1 ਬਲਬੀਰ ਰਾਜ ਵਲੋਂ ਅੱਜ ਕਰਤਾਰਪੁਰ ਦਾਣਾ ਮੰਡੀ ਦਾ ਦੌਰਾ ਕਰਕੇ ਕਣਕ ਦੀ ਖ਼ਰੀਦ ਲਈ ਕੀਤੇ ਜਾ ਰਹੇ ਪ੍ਰਬੰਧਾਂ ਦਾ ਜਾਇਜ਼ਾ ਲਿਆ ਗਿਆ। ਇਸ ਮੌਕੇ ਉਨਾਂ ਦੱਸਿਆ ਕਿ ਡਿਪਟੀ ਕਮਿਸ਼ਨਰ, ਜਲੰਧਰ ਡਾ.ਹਿਮਾਂਸ਼ੂ ਅਗਰਵਾਲ ਦੀਆਂ ਹਦਾਇਤਾਂ 'ਤੇ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਕਣਕ ਦੀ ਸੁਚੱਜੀ ਖ਼ਰੀਦ ਲਈ ਪੁਖ਼ਤਾ ਇੰਤਜ਼ਾਮਾਂ ਨੂੰ ਯਕੀਨੀ ਬਣਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ 10 ਅਪ੍ਰੈਲ ਤੋਂ ਕਣਕ ਦੀ ਆਮਦ ਸ਼ੁਰੂ ਹੋ ਜਾਵੇਗੀ। ਉਨ੍ਹਾਂ ਦੱਸਿਆ ਕਿ ਡਿਪਟੀ ਕਮਿਸ਼ਨਰ ਵਲੋਂ ਪਹਿਲਾਂ ਹੀ ਵੱਖ-ਵੱਖ ਖ਼ਰੀਦ ਏਜੰਸੀਆਂ, ਮਾਰਕਿਟ ਕਮੇਟੀਆਂ ਤੇ ਸਿਵਲ ਤੇ ਫੂਡ ਸਪਲਾਈ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕੀਤੀਆਂ ਜਾ ਚੁੱਕੀਆਂ ਹਨ ਕਿ ਮੰਡੀਆਂ ਵਿੱਚ ਕਣਕ ਲੈ ਕੇ ਆਉਣ ਵਾਲੇ ਕਿਸਾਨਾਂ ਨੂੰ ਕਿਸੇ ਕਿਸਮ ਦੀ ਕੋਈ ਪਰੇਸ਼ਾਨੀ ਪੇਸ਼ ਨਹੀਂ ਆਉਣੀ ਚਾਹੀਦੀ। ਉਨ੍ਹਾਂ ਦੱਸਿਆ ਕਿ ਕਿਸਾਨਾਂ ਦੀ ਸਹੂਲਤ ਲਈ ਮੰਡੀਆਂ ਵਿੱਚ ਪੀਣ ਵਾਲੇ ਪਾਣੀ, ਸਾਫ਼ ਸਫਾਈ, ਛਾਂ, ਪਖ਼ਾਨੇ, ਲਾਈਟਾਂ ਅਤੇ ਹੋਰ ਜ਼ਰੂਰੀ ਪ੍ਰਬੰਧਾਂ ਨੂੰ ਸਮੇਂ ਸਿਰ ਮੁਕੰਮਲ ਕੀਤਾ ਜਾ ਰਿਹਾ ਹੈ। ਇਸ ਮੌਕੇ ਉਨ੍ਹਾਂ ਨੇ ਵੱਖ-ਵੱਖ ਖ਼ਰੀਦ ਏਜੰਸੀਆਂ, ਮਾਰਕਿਟ ਕਮੇਟੀਆਂ, ਆੜ੍ਹਤੀਆਂ ਅਤੇ ਖ਼ੁਰਾਕ ਤੇ ਸਿਵਲ ਵਿਭਾਗ ਦੇ ਅਧਿਕਾਰੀਆਂ ਨਾਲ ਵੀ ਗੱਲਬਾਤ ਕੀਤੀ ਗਈ ਅਤੇ ਕੀਤੇ ਜਾ ਰਹੇ ਪ੍ਰਬੰਧਾਂ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਹਾਸਿਲ ਕੀਤੀ।

## ਸਟੇਟ ਪੈਨਸ਼ਨਰਜ ਵੈਲਫੇਅਰ ਆਰਗੇਨਾਈਜੇਸ਼ਨ ਰਜਿਸਟਡ ਪਠਾਨਕੋਟ ਵਲੋਂ ਕੀਤੀ ਗਈ ਮਹੀਨਾਵਾਰ ਮੀਟਿੰਗ



**ਪਠਾਨਕੋਟ, 6 ਅਪ੍ਰੈਲ (ਵਿਜੇ ਕੁਮਾਰ ਜਿਲੇਦਾਰ ਸੇਵਾਮੁਕਤ ਬਿਊਰੋ ਚੀਫ)**-ਸਟੇਟ ਪੈਨਸ਼ਨਰਜ ਵੈਲਫੇਅਰ ਆਰਗੇਨਾਈਜੇਸ਼ਨ ਰਜਿਸਟਡ ਪਠਾਨਕੋਟ ਵਲੋਂ ਮਹੀਨਾਵਾਰ ਮੀਟਿੰਗ ਪੁਰਾਣਾ ਖਜਾਨਾ ਦਫਤਰ ਪਠਾਨਕੋਟ ਵਿਖੇ ਸਰਦਾਰ ਕੇਦਾਰਨਾਥ ਸੈਣੀ ਪ੍ਰਧਾਨ ਸਟੇਟ ਪੈਨਸ਼ਨਰਜ ਵੈਲਫੇਅਰ ਆਰਗੇਨਾਈਜੇਸ਼ਨ ਰਜਿਸਟਡ ਪਠਾਨਕੋਟ ਦੀ ਪ੍ਰਧਾਨਗੀ ਹੇਠ ਕੀਤੀ ਗਈ। ਜਿਸ ਵਿਚ ਬਤੌਰ ਸਰਪ੍ਰਸਤ ਮਾਸਟਰ ਸੇਰ ਸਿੰਘ ਸੈਣੀ ਪਿੰਡ ਗੰਢੇ ਪਿੰਡੀ ਸਾਮਿਲ ਹੋਏ ਅਤੇ ਬਤੌਰ ਮੁੱਖ ਮਹਿਮਾਨ ਮਾਸਟਰ ਸੇਰ ਸਿੰਘ ਸੈਣੀ ਪਠਾਨਕੋਟ ਸਾਮਿਲ ਹੋਏ। ਇਸ ਮਿਟਿੰਗ ਵਿਚ ਸਟੇਜ ਸਕੱਤਰ ਦਾ ਫਰਜ ਸ਼੍ਰੀ ਵਿਜੇ ਕੁਮਾਰ ਜਿਲੇਦਾਰ ਸੇਵਾਮੁਕਤ ਵਲੋਂ ਨਿਭਾਇਆ ਗਿਆ ਸ਼੍ਰੀ ਭਗਵਤੀ ਸਰਮਾ ਵਲੋਂ ਮਿਟਿੰਗ ਨੂੰ ਸਬੋਧਿਤ ਕਰਦਿਆਂ ਹੋਇਆਂ ਕਿਹਾ ਗਿਆ ਕਿ ਮੌਕੇ ਦੀ ਸਰਕਾਰ ਅਦਾਲਤ ਵਲੋਂ ਦਿਤਾ ਫੈਸਲਾ,ਕਿ ਪੈਨਸ਼ਨਰਾਂ ਨੂੰ ਉਹਨਾਂ ਦਾ ਬਣਦਾ ਬਕਾਇਆ ਦੇ ਦਿੱਤਾ ਜਾਵੇ, ਬਾਰੇ ਕੋਈ ਪਰਵਾਹ ਨਹੀ ਕਰ ਰਹੀ ਹੈ ।ਜੇ ਮੋਕੇ ਦੀ ਸਰਕਾਰ ਅਦਾਲਤ ਵਲੋਂ ਦਿਤੇ ਫੈਸਲੇ ਨੂੰ ਲਾਗੂ ਨਹੀ ਕਰਦੀ ਤਾਂ ਪੈਨਸ਼ਨਰਾਂ ਵਲੋਂ ਲੋਕ ਸਭਾ ਚੌਣਾਂ ਵਿਚ ਸਰਕਾਰ ਦਾ ਡੱਟ ਕੇ ਵਿਰੋਧ ਕੀਤਾ ਜਾਵੇਗਾ। ਸਟੇਟ ਪੈਨਸ਼ਨਰਜ ਵੈਲਫੇਅਰ ਆਰਗੇਨਾਈਜੇਸ਼ਨ ਰਜਿਸਟਡ ਪਠਾਨਕੋਟ ਦੇ ਪ੍ਰਧਾਨ ਵਲੋਂ ਵੀ ਇਸ ਮਿਟਿੰਗ ਨੂੰ ਸਬੋਧਨ ਕੀਤਾ ਗਿਆ ਉਹਨਾਂ ਵਲੋਂ ਵੀ ਸਰਕਾਰ ਦੀ ਇਸ ਮਸਲੇ ਬਾਰੇ ਨਿਖੇਧੀ ਕੀਤੀ ਗਈ। ਇਸ ਤੋਂ ਬਾਦ ਇਸ ਸੰਸਥਾ ਦੇ ਸਰਪ੍ਰਸਤ ਸ਼੍ਰੀ ਸੇਰ ਸਿੰਘ ਸੈਣੀ ਵਲੋਂ ਮਿਟਿੰਗ ਨੂੰ ਸੰਬੋਧਨ ਕੀਤਾ ਗਿਆ। ਉਹਨਾਂ ਵਲੋਂ ਵੀ ਇਸ ਗੱਲ ਦੀ ਤੈਇਦ ਕੀਤੀ ਗਈ ਕਿ ਮੋਕੇ ਦੀ ਸਰਕਾਰ ਵਲੋਂ ਪੈਨਸ਼ਨਰਾਂ ਦੀਆਂ ਮੰਗਾ ਨੂੰ ਅਤੇ ਮਾਨਯੋਗ ਅਦਾਲਤ ਵਲੋਂ ਦਿੱਤੇ ਫੈਸਲੇ ਨੂੰ ਅਣਗੌਲਿਆਂ ਕੀਤਾ ਜਾ ਰਿਹਾ ਹੈ ਜੋ ਬਹੁਤ ਗਲਤ ਹੈ ਅਤੇ ਪੈਨਸ਼ਨਰਜ ਨਾਲ ਧੱਕਾ ਹੈ। ਇਸ ਮੋਕੇ ਤੇ ਸਰਦਾਰ ਸਵਰਨ ਸਿੰਘ, ਸ਼੍ਰੀ ਰਣਜੀਤ ਸਿੰਘ ਸੈਣੀ, ਸ਼੍ਰੀ ਮਨ ਮੋਹਨ ਕੁਮਾਰ ਸ਼੍ਰੀ ਵਿਜੇ ਸਿੰਘ, ਸ਼੍ਰੀ ਗੁਰਬਚਨ ਲਾਲ ਸੈਣੀ,ਸ਼੍ਰੀ ਉਮ ਪ੍ਰਕਾਸ਼, ਮਾਸਟਰ ਸ਼ਾਮ ਸਿੰਘ ਸੈਣੀ, ਸ਼੍ਰੀ ਕੰਸ ਰਾਜ, ਸ਼੍ਰੀ ਸੁਰਿੰਦਰ ਕੁਮਾਰ, ਸ਼੍ਰੀ ਤਰਸੇਮ ਲਾਲ, ਸ਼੍ਰੀ ਰਾਜ ਪਾਲ, ਸ਼੍ਰੀ ਅਮਰਜੀਤ ਕੁਮਾਰ, ਸ਼੍ਰੀ ਸਤੀਸ ਕੁਮਾਰ, ਸ਼੍ਰੀ ਹਰਬੰਸ ਲਾਲ,ਆਦਿ ਹਾਜਰ ਸਨ।


ਸਟਿੰਗ ਆਪ੍ਰੇਸ਼ਨ

ਲਈ ਵਿਦੇਸ਼ਾਂ ਤੋਂ ਪੱਤਰਕਾਰਾਂ ਦੀ ਲੋੜ ਹੈ

ਸੰਪਰਕ ਕਰੋ :

+91 90416-59160

e-mail : stingnews24@gmail.com



आप की अपनी आवाज
दैनिक
# स्टिंग आप्रेशन
Postal Regd. No. PB/JL-067/2024-26
RNI Regd. No. PUNMUL/2012/47956
www.stingoperation.us, E-mail : stingnews24@gmail.com
STING OPERATION
(Newspaper & Web Channel)
जालन्धर, रविवार, 7 अप्रैल 2024
वर्ष-13, अंक नं. -53, मुख्य सम्पादक : सुदेश कुमार बग्गा मो. (+91) 90416-59160, 94177-17088, सहायक सम्पादक : राकेश भटेजा





## प्रधानमंत्री मोदी ने बीजेपी स्थापना दिवस पर कार्यकर्ताओं को दी बधाई

# भाजपा को बताया देश की सबसे पसंदीदा पार्टी

**प्रधानमंत्री नरेंद्र मोदी ने भारतीय जनता पार्टी के स्थापना दिवस पर पार्टी कार्यकर्ताओं को बधाई दी है। उन्होंने बीजेपी को देश की सबसे पसंदीदा पार्टी बताया है...**

**स्टिंग आप्रेशन की विशेष रिपोर्ट**



Rakesh Bhateja
Assistant Editor
Daily Sting Operation
98722-53436

देश में भारतीय जनता पार्टी के स्थापना दिवस की धूम रही। इस अवसर पर प्रधानमंत्री नरेंद्र मोदी ने पार्टी के कार्यकर्ताओं को बधाई दी है। उन्होंने सोशल मीडिया प्लेटफॉर्म एक्स पर एक के बाद एक कई पोस्ट किए। पी.एम. मोदी ने कहा कि पार्टी के स्थापना दिवस पर देशभर के मेरे कर्मठ और परिश्रमी कार्यकर्ताओं को बहुत-बहुत बधाई और शुभकामनाएं। उन्होंने लिखा-आज भारतीय जनता पार्टी की उन सभी महान विभूतियों को नमन करने का दिन है, जिन्होंने वर्षों की अपनी कड़ी मेहनत, संघर्ष और त्याग से पार्टी को सींचकर इस ऊंचाई तक पहुंचाया है। मैं आज पूरे विश्वास के साथ कह सकता हूं कि भाजपा देश की सबसे पसंदीदा पार्टी है, जो 'राष्ट्र प्रथम' के मंत्र के साथ जन-जन की सेवा में जुटी है। पी.एम. मोदी ने आगे लिखा-यह हम सभी के लिए गौरव की बात है कि बीजेपी अपने विकासवादी विजन, सुशासन और राष्ट्रवादी मूल्यों के प्रति हमेशा समर्पित रही है। भाजपा की सबसे बड़ी शक्ति इसके कार्यकर्ता हैं, जो 140 करोड़ देशवासियों की आकांक्षाओं को पूरा करने में दिन-रात जुटे रहते हैं। देश की युवाशक्ति भाजपा को एक ऐसी पार्टी के रूप में देखती है, जो उनके सपनों को साकार करने के साथ ही 21वीं सदी में भारत को मजबूत नेतृत्व देने में सक्षम है।

Sting Operation
NEWSPAPER & WEB CHANNEL
Contact 90416-59160
Exclusive

### वोट बैंक की राजनीति से मुक्त करने के लिए संकल्पबद्ध

उन्होंने आगे लिखा कि हमारी पार्टी देश को भ्रष्टाचार, भाई-भतीजावाद, जातिवाद, सांप्रदायिकता और वोट बैंक की राजनीति से मुक्त करने के लिए संकल्पबद्ध है। दशकों तक शासन करने वाली पार्टियों ने इसी राजनीतिक संस्कृति को देश की पहचान बना दी थी। नए भारत में स्वच्छ और पारदर्शी शासन होने से विकास का लाभ आज बिना किसी भेदभाव के अंतिम पायदान पर खड़े गरीबों तक पहुंच रहा है।

### प्रधानमंत्री ने की सुशासन एवं विकास की बात

पी.एम. मोदी ने सुशासन और विकास की भी बात की। उन्होंने लिखा कि केंद्र हो या राज्य, हमारी पार्टी ने सुशासन को नए सिरे से परिभाषित किया है। हमारी योजनाओं और नीतियों ने देश के गरीब और वंचित भाई-बहनों को एक नई ताकत दी है। जो लोग दशकों तक हाशिए पर रहे थे, उन्हें अपने लिए भाजपा में उम्मीद की बड़ी किरण दिखी। भाजपा उनकी सशक्त आवाज बनकर सामने आई। हमने हमेशा समग्र विकास के लिए काम किया है, जिससे हर देशवासी का जीवन आसान बना है।

## दिल्ली शराब घोटाला: मनीष सिसोदिया को आज भी नहीं मिली राहत

# राऊज एवेन्यू कोर्ट ने बढ़ाई न्यायिक हिरासत

**दिल्ली के पूर्व डिप्टी सी.एम. मनीष सिसोदिया की न्यायिक हिरासत दिल्ली की राउज एवेन्यू कोर्ट ने 18 अप्रैल तक बढ़ा दी है। इस बीच कोर्ट ने ई.डी. से कुछ सवालों का जवाब मांगा है...**

**नई दिल्ली। स्टिंग आप्रेशन ब्यूरो**



दिल्ली शराब नीति से जुड़े मनी लाड्रिंग मामले में दिल्ली के पूर्व उप मुख्यमंत्री मनीष सिसोदिया को आज भी राहत नहीं मिली। दिल्ली की राऊज ऐवन्यू कोर्ट ने मनीष सिसोदिया की न्यायिक हिरासत 18 अप्रैल तक बढ़ा दी है। राऊज ऐवन्यू कोर्ट में इस मामले की अगली सुनवाई अब 18 अप्रैल को होगी। कोर्ट ने ई.डी. से यह बताने के लिए कहा अब तक एक एक आरोपी द्वारा दस्तावेजों की जांच के लिए कितना समय लिया गया। मनीष सिसोदिया 26 फरवरी 2023 से जेल में बंद हैं। इस मामले को लेकर सीबीआई और ईडी का ये दावा है कि सिसोदिया ने शराब कारोबारियों को फायदा पहुंचाने के लिए आबकारी नीति में बदलाव किया था। इससे आप नेताओं को बड़ी राशि रिश्वत के तौर पर मिली। इससे पहले सिसोदिया की जमानत याचिका पर 2 अप्रैल को भी सुनवाई हुई थी। इस दौरान उन्होंने अदालत से कहा था कि उनको जेल में रखने से कोई फायदा नहीं है क्योंकि उनके खिलाफ चल रही जांच पूरी हो चुकी है।

### मनीष सिसोदिया ने लिखी थी चिट्ठी

इससे पहले मनीष सिसोदिया ने अपने विधानसभा क्षेत्र के लोगों को तिहाड़ जेल से एक चिट्ठी लिखी है। इस चिट्ठी में उन्होंने अपनी स्थिति की तुलना स्वतंत्रता सेनानियों के खिलाफ अंग्रेजों द्वारा किए गए अत्याचारों से की है और शिक्षा के लिए अपनी प्रतिबद्धता जतायी है। सिसोदिया ने यह उम्मीद भी जतायी कि वह जल्द ही जेल से बाहर आएंगे। उन्होंने कहा कि जल्द ही आपसे बाहर मिलूंगा। अंग्रेज शासकों को भी सत्ता का अहंकार था और उन्होंने लोगों को झूठे मामलों में जेल भेजा था।



## भारतीय सेना का सर्च अभियान जारी

# जम्मू-कश्मीर के उरी में एक और आतंकी मारा गया

**स्टिंग आप्रेशन की विशेष रिपोर्ट**



Nitin Chadha
Ass. Joint Editor
Daily Sting Operation

जम्मू-कश्मीर के उरी में घुसपैठ की कोशिश कर रहे दो आतंकियों को सेना ने मार गिराया है। उत्तरी कश्मीर के बारामूला जिले में उरी के सबुरा नाला इलाके में सुरक्षा बलों द्वारा घुसपैठ की कोशिश को नाकाम करने के बाद एक और अज्ञात आतंकवादी मारा गया है, जिससे मरने वालों की संख्या दो हो गई है। एक अधिकारी ने बताया कि गोलीबारी में अब तक दो आतंकवादी मारे गए हैं, अभी एक का शव बरामद हुआ है। इससे पहले सुबह में आतंकवादियों की गतिविधियों का पता चला था। घुसपैठियों को सुरक्षा बलों ने चुनौती दी, जिसके बाद गोलीबारी हुई। सेना के अधिकारी ने बताया कि गोलीबारी के दौरान एक आतंकवादी मारा गया, जिसकी पहचान अभी तक नहीं हो पाई है। इलाके में सर्च अभियान अभी भी जारी है। इससे पहले सुरक्षाबलों ने एक बड़ी सफलता हासिल करते हुए शुक्रवार को बारामूला जिले में नियंत्रण रेखा के पास घुसपैठ की कोशिश नाकाम कर दी और एक आतंकवादी को मार गिराया। अधिकारियों ने बताया कि सेना के सतर्क जवानों ने जिले के उरी इलाके के सबुरा नाला रुस्तम में नियंत्रण रेखा के पास कुछ संदिग्ध गतिविधियां देखीं और घुसपैठियों को ललकारा। उन्होंने कहा कि इस पर घुसपैठियों ने गोलीबारी शुरू कर दी जिसका सैनिकों ने जवाब दिया। अधिकारियों ने कहा कि इस दौरान कम से कम एक आतंकवादी मारा गया। उन्होंने बताया कि मारे गए एक आतंकवादी का शव बरामद कर लिया गया है।

**आतंकी के पास से हथियार बरामद**

मुठभेड़ स्थल से दो एके राइफल, तीन मैगजीन, चार हथगोले और 10,250 रुपए की भारतीय मुद्रा समेत भारी मात्रा में हथियार और गोला-बारूद बरामद किया गया। सुरक्षा अधिकारियों ने कहा कि घुसपैठ की कोशिश को सफलतापूर्वक नाकाम किया जाना अगले महीने होने वाले लोकसभा चुनाव से पहले एक महत्वपूर्ण उपलब्धि है।

# पश्चिमी बंगाल के पूर्वी मेदिनीपुर में एन.आई.ए. की टीम पर हमला, जांच जारी

**मिदनापुर। स्टिंग आप्रेशन ब्यूरो**

पश्चिम बंगाल में संदेशखाली में ईडी पर हमले के तीन महीने बाद अब एन.आई.ए. की टीम पर हमला हुआ है। पूर्वी मिदनापुर के भूपतिनगर में अज्ञात लोगों ने जांच एजैंसी की गाड़ी पर पथराव किया जिससे कार के शीशे टूट गए। एन.आई.ए. की टीम एक मामले की भूपतिनगर ब्लास्ट की जांच करते हुए कल रात केंद्रीय सुरक्षा बलों के साथ एक व्यक्ति को पकड़ने गई थी। उन पर अज्ञात बदमाशों ने हमला किया। पथराव कर कारों के शीशे तोड़ दिये। एन.आई.ए. के 2 अधिकारियों को मामूली चोटें आईं। पुलिस के अनुसार एन.आई.ए. अधिकारियों को ले जा रहे एक वाहन पर शनिवार को पश्चिम बंगाल के पूर्वी मेदिनापुर जिले के भूपतिनगर इलाके में ग्रामीणों ने हमला कर दिया, जहां वे 2022 के बम विस्फोट मामले की जांच के लिए गए थे। एक अधिकारी ने बताया कि एन.आई.ए. अधिकारियों की एक टीम ने आज सुबह मामले के संबंध में दो लोगों को गिरफ्तार किया और वे कोलकाता वापस जा रहे थे, तभी वाहन पर हमला हुआ। स्थानीय लोगों ने वाहन को घेर लिया और उस पर पथराव किया। एक वरिष्ठ पुलिस अधिकारी ने कहा, एनआईए ने इस संबंध में पुलिस में शिकायत दर्ज कराई है। पुलिस ने कहा कि केंद्रीय पुलिस बल की एक बड़ी टुकड़ी भूपतिनगर पहुंच गई है, जहां गिरफ्तार किए गए दो लोगों के साथ एन.आई.ए. की टीम भी मौजूद है। बता दें कि 3 दिसम्बर, 2022 को भूपतिनगर में एक कच्चे घर में विस्फोट से तीन लोगों की मौत हो गई। बाद में जांच एनआईए को सौंप दी गई। शनिवार की घटना ने 5 जनवरी की यादें भी ताजा कर दीं, जब राशन घोटाले के सिलसिले में छापेमारी के दौरान उत्तरी 24 परगना के संदेशखाली इलाके में ई.डी. अधिकारियों पर हमला किया गया था।

# स्टिंग आप्रेशन

e-mail : stingnews24@gmail.com
www.stingoperation.us

जालन्धर, रविवार, 7 अप्रैल 2024








## आतंकियों को सख्त चेतावनी

### 'बख्शेंगे नहीं, पाकिस्तान में घुस कर मारेंगे'

**भारत के रक्षा मंत्री राजनाथ सिंह ने आतंकियों को सख्त चेतावनी दी है और कहा है कि पाकिस्तान में घुसकर मारेंगे। राजनाथ सिंह ने एक टी.वी. चैनल को दिए इंटरव्यू में ये बड़ी बात कही...**

**स्टिंग आप्रेशन की विशेष रिपोर्ट**

रक्षा मंत्री राजनाथ सिंह ने टी.वी. न्यूज चैनल सी.एन.एन. न्यूज18 को दिए गए एक इंटरव्यू के दौरान आतंकवाद को लेकर बड़ी बात कही। राजनाथ सिंह ने कहा कि भारत में आतंकवादी गतिविधियों को अंजाम देने की कोशिश करने के बाद सीमा पार से भागने वाले किसी भी व्यक्ति को खत्म करने के लिए भारत पाकिस्तान में घुसकर मारेगा। राजनाथ सिंह का हिंदी में साक्षात्कार ब्रिटिश अखबार द गार्जियन के एक रिपोर्ट प्रकाशित करने के एक दिन बाद आया है जिसमें दावा किया गया है कि भारतीय खुफिया एजेंसियों ने विदेशी धरती पर रहने वाले आतंकवादियों को खत्म करने की एक व्यापक योजना के तहत 2020 से पाकिस्तान में लगभग 20 लोगों को मार गिराया है। रक्षा मंत्री राजनाथ सिंह ने सीएनएन से कहा कि अगर कोई आतंकवादी देश की शांति भंग करने की कोशिश करेगा तो हम उसका मुंहतोड़ जवाब देंगे। अगर वे (आतंकवादी) पाकिस्तान वापस भागेंगे, तो उनको हम पाकिस्तान में घुसकर मारेंगे। उन्होंने कहा, प्रधानमंत्री ने जो भी कहा है वह बिल्कुल सच है। भारत इतना शक्तिशाली है और पाकिस्तान भी यह समझने लगा है। राजनाथ सिंह ने यह भी कहा कि भारत अपने सभी पड़ोसियों के साथ अच्छे संबंध बनाए रखने का इरादा रखता है, भारत ने कभी किसी देश पर हमला नहीं किया। भारत ने कभी भी किसी देश पर हमला नहीं किया है या उनके क्षेत्र पर कब्जा करने की कोशिश नहीं की है। लेकिन अगर कोई भारत या उसकी शांति को खतरा पहुंचाता है, तो उन्हें बख्शा नहीं जाएगा।



**Sumit Bhateja**
Joint Editor
Daily Sting Operation


Sting Operation
NEWSPAPER & WEB CHANNEL
Contact 90416-59160
Exclusive


### अरुणाचल प्रदेश भारत का हिस्सा था, भारत का हिस्सा है और हमेशा भारत का रहेगो

**भारत अपने पड़ोसी के साथ सौहार्दपूर्ण संबंध बनाए रखना** चाहता है। हमारा इतिहास देखो. हमने कभी किसी देश पर हमला नहीं किया या किसी अन्य देश के क्षेत्र का एक इंच भी कब्जा नहीं किया। ये है भारत का चरित्र... अगर कोई हमारी धरती पर आतंक फैलाकर भारत को डराने की कोशिश करेगा तो उसे बख्शा नहीं जाएगा। पाकिस्तान के कब्जे वाले कश्मीर पर रक्षा मंत्री ने कहा कि आश्वस्त रहें कि पीओके के लोग खुद मांग करेंगे कि वे भारत के साथ रहेंगे। आपने देखा होगा कि वहां कुछ प्रदर्शन हुए थे क्योंकि वे भारत में विलय करना चाहते हैं। अनुच्छेद 370 के निरस्त होने के बाद, कश्मीर में सामान्य स्थिति लौट आई है और विकास तेजी से हुआ है। अरुणाचल प्रदेश पर राजनाथ ने कहा कि अरुणाचल प्रदेश भारत का हिस्सा था, भारत का हिस्सा है और हमेशा भारत का रहेगा।

### ....तो हम उन्हें मुंहतोड़ जवाब देंगे

**द गार्जियन की रिपोर्ट के बारे में पूछे जाने** पर राजनाथ सिंह ने सीएनएन न्यूज 18 को बताया कि अगर पड़ोसी देश के आतंकवादी भारत में शांति भंग करने की कोशिश करेंगे या भारत में आतंकवादी गतिविधियों को अंजाम देने की कोशिश करेंगे, तो हम उन्हें मुंहतोड़ जवाब देंगे। कोई भी आतंकवादी भारत को परेशान करेगा, अगर आतंकी किसी भी तरह की हरकत करेगा, तो उसका मुंह तोड़ जवाब देंगे। अगर वो भाग कर पाकिस्तान में जाएगा, तो पाकिस्तान में घुस कर मारेंगे

### लाओस में गैरकानूनी काम में फंसाए गए

## 17 भारतीयों की सुनिश्चित हुई स्वदेश वापसीः जयशंकर

**भारतीय विदेश मंत्रालय ने एक बार फिर दूसरे देशों में फंसे भारतीयों की स्वदेश वापसी के लिए संकटमोचक बनने का काम किया है। भारत ने लाओस में गैर कानूनी गतिविधियों में फंसाए....**



**नई दिल्ली। स्टिंग आप्रेशन ब्यूरो**

विदेशों में फंसे भारतीयों के लिए मोदी सरकार ने हमेशा हनुमान का रोल निभाया है। एक बार फिर भारतीय विदेश मंत्रालय ने हनुमान जी की संकटमोचक वाली छवि को फिर सही साबित किया है। भारत ने लाओस में अवैध कार्यों में फंसाए गए 17 भारतीयों की स्वदेश वापसी सुनिश्चित कराकर उन्हें और उन लोगों के परिवारजनों को भी बड़ी राहत पहुंचाई है। विदेश मंत्री एस. जयशंकर ने अपने एक्स पोस्ट पर शनिवार को कहा कि लाओस में धोखे से गैरकानूनी काम में फंसाए गए 17 भारतीय कामगारों को स्वदेश वापस लाया जा रहा है। विदेश मंत्री ने इस मामले में मदद के लिए लाओस में भारतीय दूतावास की सराहना की। जयशंकर ने सोशल मीडिया मंच 'एक्स' पर एक पोस्ट में कहा कि मोदी की गारंटी सभी के लिए देश-विदेश में हर कहीं काम करती है। लाओस में धोखे में रखकर गैरकानूनी और खतरनाक काम में फंसाए गए 17 भारतीय कामगार स्वदेश लौट रहे हैं। उन्होंने कहा कि लाओस में भारतीय दूतावास ने अच्छा काम किया। सुरक्षित वापसी में मदद के लिए लाओस के अधिकारियों का धन्यवाद।''

### भारतीयों को सावधान रहने की सलाह

विदेश मंत्रालय ने एक परामर्श जारी कर दक्षिण-पूर्व एशियाई देश में नौकरी के अवसर तलाश रहे भारतीयों से भावी नियोक्ता की पृष्ठभूमि की अच्छी तरह से जांच करने का आह्वान किया था। परामर्श में कहा गया था कि ऐसा पता चला है कि कंबोडिया में आकर्षक नौकरी के अवसरों के फर्जी वादों से आकर्षित होकर भारतीय नागरिक मानव तस्करों के जाल में फंस रहे हैं। ऐसे में सभी भारतीयों को इनके जाल में नहीं फंसने की सलाह दी जाती है।



### अमरीका में नहीं थम रहा

## भारतीय छात्रों की मौत का सिलसिला, एक और विद्यार्थी ने ओहियो में गंवाई जान

**स्टिंग आप्रेशन की विशेष रिपोर्ट**

अमरीका में भारतीय छात्रों की मौत का सिलसिला रुकने का नाम नहीं ले रहा है। लगातार भारतीय छात्रों की एक के बाद एक की मौत का वाकया सामने आ रहा है। ऐसे में अभिभावकों के मन में अजीब डर का माहौल पैदा हो गया है। अब अभिभावक अमरीका में अपने बच्चों को पढ़ाई के लिए भेजने से भी डर रहे हैं। कई बार इस मामले में भारतीय विदेश मंत्रालय ने भी अमेरिका के सामने भारतीय छात्रों की मौत का मुद्दा गंभीरता से इढाया है। इसके बावजूद छात्रों की मौत के मामले थमने का नाम नहीं ले रहे हैं और अब ओहायो राज्य में एक भारतीय छात्र की मौत हो गई है। अमरीकी पुलिस ने कहा कि वह मामले की जांच कर रही है। न्यूयॉर्क में भारत के महावाणिज्य दूतावास ने शुक्रवार को एक और छात्र की मौत हो जाने के बारे में जानकारी दी। न्यूयॉर्क में भारत के महावाणिज्य दूत ने सोशल मीडिया मंच 'एक्स' पर एक पोस्ट में कहा कि ओहायो के क्लीवलैंड में भारतीय छात्र उमा सत्य साई की दुर्भाग्यपूर्ण मौत से काफी दुखी हूं।'' दूतावास ने कहा कि पुलिस मामले की जांच कर रही है और वह भारत में परिवार के साथ संपर्क में है। उसने कहा कि हरसंभव सहायता की जा रही है जिसमें छात्र का शव जल्द से जल्द भारत भेजना भी शामिल है।

**पहले भी हो चुकी है कई छात्रों की मौत**

उमा साईं से पहले भी कई भारतीय छात्रों की अमरीका के अलग-अलग स्थानों पर विभिन्न वजहों से मौत हो चुकी है। इससे अभिभावकों को अब अपने बच्चों को पढ़ाई के लिए अमरीका भेजने में डर लगने लगा है। ताजा मामले में उमा सत्य साई की मौत का कारण अभी स्पष्ट नहीं किया गया है। परिवारजानों से संपर्क का प्रयास किया जा रहा है।

## ताइवान में भूकम्प के 3 दिन बाद भी जिंदगी और मौत के बीच फंसे 600 से ज्यादा लोग, नहीं पहुंच पाई राहत

**ताइपे। स्टिंग आप्रेशन ब्यूरो**

ताइवान में आए शक्तिशाली भूकंप के तीन दिन बाद भी सैकड़ों लोग मलबे और खाइयों के बीच फंसे हैं। ताइवान के अधिकारियों के अनुसार शनिवार तक भी 600 से अधिक लोग फंसे हुए थे और उन तक अभी राहत नहीं पहुंच पाई है। यह सभी लोग जिंदगी और मौत के बीच में जूझ रहे हैं। लिहाजा अभी मौतों का आंकड़ा बढ़ने की आशंका है। फिलहाल ताइवान के भूकंप में अब तक 12 मौतों की पुष्टि की जा चुकी है। बता दें कि ताइवान में बुधवार को आए भूकंप को बीते 25 वर्ष में आया सबसे शक्तिशाली भूकंप माना जा रहा है, जिससे कई इमारतें क्षतिग्रस्त हो गयीं और कई लोग दूर-दराज के इलाकों में फंस गए। इस भूकंप के कारण कम से कम 12 लोगों की मौत हो गई। बचावकर्मी पत्थरों के नीचे दबे शाकाडांग मार्ग पर दो शवों को निकालने के लिए शनिवार को भारी उपकरण लाने की योजना बना रहे हैं। ऊबड़-खाबड़ पहाड़ी इलाके में स्थित तारोको राष्ट्रीय उद्यान में शाकाडांग मार्ग पर चार और लोग लापता हैं। भूकंप बाद के झटकों के कारण शुक्रवार दोपहर को बचाव कार्य रोक दिया गया था। ताइवान में बुधवार को आए भूकंप में कम से कम 12 लोगों की मौत हो जबकि 10 अन्य लोग लापता हैं। 'तारोको पार्क' के एक होटल में फंसे लगभग 450 लोगों सहित 600 से अधिक लोग उन विभिन्न स्थानों पर फंसे हुए हैं जो चट्टानों के खिसकने और अन्य क्षति के कारण अन्य जगहों से कट गए हैं।

## पाकिस्तानियों ने नेपाल को बनाया अपराध और ठगी का नया अड्डा, श्रीलंकाई लोगों को बंधक बनाने पर 4 गिरफ्तार

**काठमांडू। स्टिंग आप्रेशन ब्यूरो**

पाकिस्तानियों ने नेपाल को ठगी और अपराध का नया अड्डा बना लिया है। नेपाल में होने वाले विभिन्न अपराधों में पाकिस्तानी लोगों को लगातार गिरफ्तार किया जा रहा है। नेपाल को अपराध का नया ठिकाना बना चुके पाकिस्तानियों ने काठमांडू के रास्ते भारत में घुसपैठ करने से भी बाज नहीं आ रहे हैं। अभी एक दिन पहले ही यूपी एटीएस ने ऐसे कई पाकिस्तानियों को गिरफ्तार किया है, जो नेपाल के रास्ते कश्मीर जाकर आतंक फैलाना चाहते थे। पाकिस्तानी अपराधी नेपाल में विभिन्न तरह के अपराधों को अंजाम दे रहे हैं। ऐसे ही चार पाकिस्तानी अपराधियों को नेपाल पुलिस ने गिरफ्तार किया है। यह पाकिस्तानी अपराधी नौकरी के लिए विभिन्न यूरोपीय देशों में लोगों को भेजने के नाम पर ठगी करते थे। ऐसे चार श्रीलंकाई नागरिकों को बंधक बनाने के आरोप में नेपाल में चार पाकिस्तानी नागरिकों को गिरफ्तार किया गया है। एक वरिष्ठ पुलिस अधिकारी ने शुक्रवार को यह जानकारी दी। पुलिस अधीक्षक नकुल पोखरेल ने कहा कि नेपाल पुलिस के काठमांडू घाटी अपराध जांच विभाग ने बृहस्पतिवार को एक गुप्त सूचना के आधार पर चार पाकिस्तानी नागरिकों को गिरफ्तार किया।

# स्टिंग आप्रेशन

e-mail : stingnews24@gmail.com
www.stingoperation.us

जालन्धर, रविवार , 7 अप्रैल 2024






### जालन्धर मैडीकल सैल भाजपा का प्रतिनिधिमंडल भाजपा प्रत्याशी सुशील कुमार रिंकू से मिला

# जालन्धर लोकसभा क्षेत्र से रिंकू की जीत को यकीनी बनाने हेतु पूर्ण सहयोग का किया ऐलान, कहा- प्रचार में कोई कसर नहीं छोड़ी जाएगी

सुशील कुमार रिंकू ने कहा कि जालन्धर लोकसभा की सीट को जीत कर प्रधानमंत्री नरेंद्र मोदी की झोली में डालेंगे। उन्होंने कहा कि अभी रणनीति बन रही है तथा उसी के तहत आगामी ...







**स्टिंग आप्रेशन की विशेष रिपोर्ट**

लोकसभा चुनावों को लेकर जालन्धर में भी खूब हलचल देखने को मिल रही है। जालन्धर से भाजपा के प्रत्याशी सुशील कुमार रिंकू को रोजाना कई संगठनों का समर्थन मिल रहा है। इसी के संदर्भ में जालन्धर मैडीकल सैल भाजपा का प्रतिनिधिमंडल संजय सहगल के नेतृत्व में भाजपा प्रत्याशी सुशील कुमार रिंकू से मिला। इस अवसर पर प्रतिनिधिमंडल में शामिल पदाधिकारियों व सदस्यों द्वारा जहां सुशील कुमार रिंकू को भाजपा में शामिल होने व जालन्धर लोकसभा क्षेत्र से भाजपा का प्रत्याशी बनने बनने पर बधाई दी वहीं पर उनकी चुनाव मुहिम में पूर्ण रूप से सहयोग देने का ऐलान किया। इस अवसर पर सुशील कुमार रिंकू ने कहा कि जालन्धर लोकसभा की सीट को जीत कर प्रधानमंत्री नरेंद्र मोदी की झोली में डालेंगे। उन्होंने कहा कि अभी रणनीति बन रही है तथा उसी के तहत आगामी समय में काम किया जाएगा तथा जोरदार चुनाव मुहिम चलाई जाएगी।



Rakesh Bhateja
Assistant Editor
Daily Sting Operation
98722-53436


Sting Operation
NEWSPAPER & WEB CHANNEL
Contact 90416-59160
Exclusive


## रिंकू की जीत को यकीनी बनाने में कोई कसर नहीं छोड़ी जाएगी: भटेजा

**दैनिक स्टिंग आप्रेशन के सहायक सम्पादक राकेश भटेजा** ने विशेष रूप से सुशील कुमार रिंकू को फूलों का गुलदस्ता देकर सम्मानित किया तथा चुनाव प्रचार में पूर्ण रूप से सहयोग देने का आश्वासन दिया। उन्होंने कहा कि जालन्धर लोकसभा क्षेत्र से भाजपा प्रत्याशी सुशील कुमार रिंकू की जीत को यकीनी बनाने में कोई कसर नहीं छोड़ी जाएगी।

## जालन्धर मैडीकल सैल भाजपा के प्रतिनिधिमंडल में ये रहे शामिल

**इस प्रतिनिधिमंडल में संजय सहगल, तेजिन्द्र** पाल सिंह, जतिन्द्र सिंह चावला, देव शर्मा, मनिन्द्र सिंह खैहरा, सतनाम सिंह बाजवा, मनोज कालड़ा, देवेश कपूर, हरप्रीत सिंह सोढी, देवेन्द्र सुखीजा, डा. सतबीर सिंह, डा. अर्श चोपड़ा, डा. विपुल कक्कड़, डा. एस.पी. दहिया, डा. कुलदीप बहल, ड. सुरिन्द्र डा. मुकेश खन्ना तथा डा. परमिन्द्र बजाज आदि शामिल थे।

### पहली बार गऊओं से इंसानों में फैला H5N1 संक्रमण

# वैज्ञानिक बोले-ये कोरोना से भी घातक

सीडीसी की रिपोर्ट के अनुसार टेक्सास में संक्रमित पाया गया व्यक्ति संभवत: बर्ड फ्लू वायरस से संक्रमित गायों के साथ काम करता था। यह पहली बार है कि जब ये वायरस गायों में पाया गया है और यह गाय से इंसान में बर्ड फ्लू फैलने का भी ये पहला मामला है...

**स्टिंग आप्रेशन की विशेष रिपोर्ट**

ਬਰਨਾਲਾ, 6 ਅਪ੍ਰੈਲ (ਰਾਜਿੰਦਰ ਪ੍ਰਸ਼ਾਦ ਸਿੰਗਲਾ)- ਇਲਾਕੇ ਦੀ ਪ੍ਰਸਿੱਧ ਸੰਸਥਾ ਟੰਡਨ ਇੰਟਰਨੈਸ਼ਨਲ ਸਕੂਲ ਨੇ ਅੱਜ ਅਧਿਆਪਕ / ਮਾਤਾ ਪਿਤਾ ਮਿਲਣੀ ਵਰਕਸ਼ਾਪ ਰੱਖੀ ਗਈ। ਇਸ ਵਰਕਸ਼ਾਪ ਵਿੱਚ ਮਾਤਾ ਪਿਤਾ ਨੂੰ ਸਕੂਲ ਦੇ ਸਿਸਟਮ ਬਾਰੇ ਜਾਣੂ ਕਰਾਉਣਾ ਅਤੇ ਸਕੂਲ ਦੇ ਮੁੱਖ ਉਦੇਸ਼ ਬਾਰੇ ਦੱਸਣਾ। ਜਿਸ ਵਿੱਚ ਅਧਿਆਪਕਾਂ ਨੇ ਬੱਚਿਆਂ ਦੇ ਮਾਤਾ ਪਿਤਾ ਨੂੰ ਸਕੂਲ ਨੀਤੀ, ਪਾਠਕ੍ਰਮ ਸੰਖੇਪ ਜਾਣਕਾਰੀ, ਬੱਚੇ ਦਿਨ ਦੀ ਸ਼ੁਰੂਆਤ ਕਿਵੇਂ ਕਰੀਏ, ਅਧਿਆਪਕ ਨੂੰ ਮਿਲੋ, ਵਿਦਿਆਰਥੀਆਂ ਦੀ ਸਹਾਇਤਾ ਸੇਵਾ, ਮਾਪਿਆਂ ਦੀ ਸ਼ਮੂਲੀਅਤ ਦੇ ਮੌਕੇ, ਤਕਨਾਲੋਜੀ ਅਤੇ ਸੰਚਾਰ, ਸਿਹਤ ਅਤੇ ਸੁਰੱਖਿਆ, ਵਿੱਤੀ ਮਾਮਲੇ ਅਤੇ ਸਵਾਲ/ਜਵਾਬ ਸੈਸ਼ਨ, ਹੈਲਪਲਾਈਨ ਡਿਸਕ ਸੈਂਟਰ ਅਤੇ ਸਕੂਲ ਪੈਡ ਐਪ ਆਦਿ। ਸਕੂਲ ਪ੍ਰਿਸੀਪਲ ਵੀ. ਕੇ. ਸ਼ਰਮਾ ਜੀ ਅਤੇ ਵਾਈਸ ਪ੍ਰਿਸੀਪਲ ਸ਼ਾਲਿਨੀ ਕੌਸ਼ਲ ਜੀ ਨੇ ਦੱਸਿਆ ਕਿ ਇਸ ਵਰਕਸ਼ਾਪ ਰਾਹੀਂ ਸਕੂਲ ਦੇ ਅਧਿਆਪਕਾਂ ਨੇ ਬੱਚਿਆਂ ਦੇ ਮਾਤਾ ਪਿਤਾ ਨਾਲ ਹਰ ਛੋਟੀ ਵੱਡੀ ਗੱਲ ਸਾਂਝਾ ਕੀਤਾ ਜਿਸ ਵਿਚ ਬੱਚਿਆਂ ਨੂੰ ਸਕੂਲ ਕਿ ਕਿ ਸਹੂਲਤਾਂ ਪ੍ਰਦਾਨ ਕਰ ਰਿਹਾ ਹੈ। ਜੋ ਬੱਚਿਆਂ ਦੇ ਭਵਿੱਖ ਲਈ ਸਰੀਰਿਕ ਅਤੇ ਮਾਨਸਿਕ ਤੋਰ ਵਿਚ ਜਰੂਰੀ ਹੈ। ਸਾਡਾ ਮਕਸਦ ਬੱਚਿਆਂ ਤਕਨੀਕੀ ਸਿੱਖਿਆ ਪ੍ਰਦਾਨ ਕਰਨਾ। ਜਿਸ ਨਾਲ ਬੱਚਿਆਂ ਦਾ ਮਾਨਸਿਕ ਵਿਕਾਸ ਹੋ ਸਕੇ ਅਤੇ ਬੱਚੇ ਆਪਣੇ ਭਵਿੱਖ ਵੱਲ ਆਸਾਨੀ ਨਾਲ ਵੱਧ ਸਕਣ। ਸਕੂਲ ਦੇ ਡਰੈਕਟਰ ਸ਼੍ਰੀ ਸ਼ਿਵ ਸਿੰਗਲਾ ਜੀ ਨੇ ਕਿਹਾ ਕਿ ਸਾਡਾ ਮੁੱਖ ਮਕਸਦ ਬੱਚਿਆਂ ਨੂੰ ਚੰਗੀ ਪੜ੍ਹਾਈ ਦੇਣਾ ਜੋ ਵਿਦਿਆਰਥੀ ਇਕ ਚੰਗੇ ਸਕੂਲ ਦਾ ਸੁਪਨਾ ਦੇਖਦੇ ਹਨ । ਟੰਡਨ ਸਕੂਲ ਬੱਚਿਆਂ ਦੇ ਭਵਿੱਖ ਨੂੰ ਸੁਨਹਿਰਾ ਬਣਾਉਣ ਲਈ ਹਰ ਉਪਰਾਲਾ ਕਰ ਰਿਹਾ ਹੈ ਸਕੂਲ ਪ੍ਰਿੰਸੀਪਲ ਵੀ. ਕੇ ਸ਼ਰਮਾ ਜੀ, ਵਾਈਸ ਪ੍ਰਿੰਸੀਪਲ ਸ਼ਾਲਨੀ ਕੌਸ਼ਲ ਜੀ ਨੇ ਸਾਰੇ ਬੱਚਿਆਂ ਦੇ ਮਾਤਾ ਪਿਤਾ ਨੂੰ ਸੰਬੋਧਨ ਕੀਤਾ ਅਤੇ ਕਿਹਾ ਕਿ ਸਾਨੂੰ ਖੁਸ਼ੀ ਹੈ ਕਿ ਤੁਹਾਡੇ ਬੱਚੇ ਸਾਡੇ ਸਕੂਲ ਦਾ ਪਾਰਟ ਹਨ। ਉਹਨਾਂ ਕਿਹਾ ਕਿ ਅਸ਼ੀ ਬੱਚਿਆਂ ਉਪਰ ਪੂਰੀ ਮਿਹਨਤ ਕਰਕੇ ਹਰ ਪੱਖ ਮਜਬੂਤ ਕਰਨ ਦਾ ਭਰੋਸਾ ਦਿੰਦੇ ਹਾਂ। ਅੰਤ ਵਿੱਚ ਨਵੇਂ ਸੈਸ਼ਨ 2024-25 ਲਈ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਬੱਚਿਆਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ ।

### ਧੂਰਕੋਟ ਵਿਖੇ ਮੂੰਹ ਖੁਰ ਦੀ ਬਿਮਾਰੀ ਕਾਰਨ ਦੁਧਾਰੂ ਪਸ਼ੂਆਂ ਦੀਆਂ ਹੋ ਰਹੀਆਂ ਨੇ ਮੌਤਾਂ

## ਪਸ਼ੂ ਪਾਲਣ ਵਿਭਾਗ ਨੂੰ ਵਿਸ਼ੇਸ ਤੌਰ ਤੇ ਉਪਰਾਲਾ ਕਰਨ ਦੀ ਜਰੂਰਤ : ਬਾਬੂ ਸਿੰਘ ਖੁੱਡੀ ਕਲਾਂ

ਬਰਨਾਲਾ 6 ਅਪ੍ਰੈਲ (ਰਾਜਿੰਦਰ ਸ਼ਰਮਾ)-ਭਾਰਤੀ ਕਿਸਾਨ ਯੂਨੀਅਨ ਏਕਤਾ (ਡਕੌਂਦਾ) ਬਲਾਕ ਬਰਨਾਲਾ ਨੇ ਅੱਜ ਪਿੰਡ ਧੂਰਕੋਟ ਵਿਖੇ ਮੂੰਹ ਖੁਰ ਦੀ ਬਿਮਾਰੀ ਕਾਰਨ ਮਰ ਰਹੇ ਦੁਧਾਰੂ ਪਸ਼ੂਆਂ ਦੀ ਜਾਣਕਾਰੀ ਹਾਸਿਲ ਕਰਨ ਦੇ ਲਈ ਪਿੰਡ ਦੇ ਲੋਕਾਂ ਨਾਲ ਗੱਲਬਾਤ ਕੀਤੀ। ਬਲਾਕ ਬਰਨਾਲਾ ਦੇ ਪ੍ਰਧਾਨ ਬਾਬੂ ਸਿੰਘ ਖੁੱਡੀ ਕਲਾਂ ਅਤੇ ਜਰਨੈਲ ਸਿੰਘ ਖੁੱਡੀ ਕਲਾਂ ਨੇ ਦੱਸਿਆ ਕਿ ਪੂਰੇ ਬਰਨਾਲਾ ਜ਼ਿਲ੍ਹੇ ਖਾਸ ਕਰ ਇਸ ਪਿੰਡ ਵਿੱਚ ਹੁਣ ਤੱਕ ਸੈਂਕੜੇ ਪਸ਼ੂ ਮੂੰਹ ਖੁਰ ਦੀ ਬਿਮਾਰੀ ਕਾਰਨ ਮਰ ਚੁੱਕੇ ਹਨ। ਕਿਸਾਨਾਂ ਦਾ ਸਹਾਇਕ ਤੇ ਵਜੋਂ ਪਸ਼ੂ ਪਾਲਣਾ ਵੱਡਾ ਧੰਦਾ ਹੈ। ਪਰ ਮੂੰਹ ਖੁਰ ਦੀ ਪਈ ਬਿਮਾਰੀ ਪ੍ਰਤੀ ਪ੍ਰਸ਼ਾਸਨ ਅਤੇ ਪਸ਼ੂ ਪਾਲਣ ਵਿਭਾਗ ਕੁੰਭ ਕਰਨੀ ਨੀਂਦ ਸੁੱਤਾ ਪਿਆ ਹੈ। ਇਸ ਕਾਰਨ ਪਿੰਡ ਦੇ ਲੋਕਾਂ ਵਿੱਚ ਪ੍ਰਸ਼ਾਸਨ ਅਤੇ ਪਸ਼ੂ ਪਾਲਣ ਵਿਭਾਗ ਪ੍ਰਤੀ ਗਹਿਰੀ ਨਿਰਾਸ਼ਾ ਪਾਈ ਜਾ ਰਹੀ ਹੈ। ਆਗੂਆਂ ਦੱਸਿਆ ਕਿ ਬਹੁਤ ਸਾਰੇ ਕਿਸਾਨਾਂ ਨੂੰ ਉਨ੍ਹਾਂ ਦੇ ਘਰਾਂ ਵਿੱਚ ਜਾਕੇ ਮਿਲਣ ਤੋਂ ਉਪਰੰਤ ਪਤਾ ਲੱਗਾ ਹੈ ਕਿ ਅਜਿਹਾ ਕੁੱਝ ਵਾਪਰਦਿਆਂ ਮਹੀਨੇ ਤੋਂ ਵੱਧ ਦਾ ਸਮਾਂ ਹੋ ਗਿਆ ਹੈ। ਪਰ ਪ੍ਰਸ਼ਾਸਨ ਅਤੇ ਪਸ਼ੂ ਪਾਲਣ ਵਿਭਾਗ ਇਸ ਬਿਪਤਾ ਦੀ ਘੜੀ ਦੇ ਵਿੱਚ ਖ਼ਾਨਾਪੂਰਤੀ ਹੀ ਕਰ ਰਿਹਾ ਹੈ। ਜਦਕਿ ਪਿੰਡ ਦਾ ਕੋਈ ਹੀ ਘਰ ਹੋਵੇਗਾ ਜਿਸ ਘਰ ਦੇ ਵਿੱਚ ਪਸ਼ੂਆਂ ਦਾ ਨੁਕਸਾਨ ਨਾ ਹੋਇਆ ਹੋਵੇ। ਖਾਸ ਕਰ ਦਧਾਰੂ ਪਸ਼ੂਆਂ ਦਾ ਬਹੁਤ ਜਿਆਦਾ ਨੁਕਸਾਨ ਹੋ ਗਿਆ ਹੈ। ਪਸ਼ੂ ਵੀ ਨੁਕਸਾਨੇ ਗਏ ਹਨ ਅਤੇ ਪਸ਼ੂਆਂ ਦੇ ਇਲਾਜ ਕਰਾਉਣ ਲਈ ਹਜ਼ਾਰਾਂ ਰੁਪਏ ਕਿਸਾਨਾਂ ਨੂੰ ਪੱਲਿਓਂ ਖਰਚ ਕਰਨੇ ਪੈ ਰਹੇ ਹਨ। ਪਿੰਡ ਦੇ ਲੋਕਾਂ ਨੇ ਆਗੂਆਂ ਨੂੰ ਦੱਸਿਆ ਕਿ ਸਾਡੀ ਇਸ ਬਿਪਤਾ ਦੀ ਘੜੀ ਦੇ ਵਿੱਚ ਪ੍ਰਸ਼ਾਸਨ ਅਤੇ ਸਰਕਾਰ ਦਾ ਕੋਈ ਨੁਮਾਇੰਦਾ ਬਾਂਹ ਫੜ ਨਹੀਂ ਆਇਆ। ਕਿਸਾਨ ਆਗੂਆਂ ਨੇ ਪਿੰਡ ਨਿਵਾਸੀਆਂ ਨੂੰ ਵਿਸ਼ਵਾਸ ਦਵਾਇਆ ਕਿ ਉਹ ਅਤੇ ਜਲਦ ਹੀ ਪਸ਼ੂ ਪਾਲਣ ਵਿਭਾਗ ਨੂੰ ਹਰਕਤ ਵਿੱਚ ਆਕੇ ਪਸ਼ੂਆਂ ਦਾ ਮੁਫ਼ਤ ਕੈਂਪ ਲਗਾ ਕੇ ਇਲਾਜ ਕਰਨ ਦੀ ਮੰਗ ਕਰਨਗੇ। ਆਗੂਆਂ ਕਿਹਾ ਮੂੰਹ ਖੁਰ ਦੀ ਬਿਮਾਰੀ ਦਾ ਇਲਾਜ ਅਤੇ ਵੈਕਸੀਨ ਕੀਤੀ ਜਾਵੇ। ਕਿਉਂਕਿ ਸਮੇਂ ਸਿਰ ਵੈਕਸੀਨ ਨਾ ਕਰਨ ਕਰਕੇ ਹੀ ਇਹ ਬਿਮਾਰੀ ਲਗਾਤਾਰ ਫੈਲ ਰਹੀ ਹੈ। ਜਿਸ ਦਾ ਨੁਕਸਾਨ ਕਿਸਾਨਾਂ-ਮਜ਼ਦੂਰਾਂ ਨੂੰ ਝੱਲਣਾ ਪੈ ਰਿਹਾ ਹੈ। ਅਜਿਹੀ ਹਾਲਤ ਵਿੱਚ ਕਿਸਾਨ ਆਗੂਆਂ ਨੇ ਕਿਹਾ ਕਿ ਪਿੰਡ ਨਿਵਾਸੀਆਂ ਨੂੰ ਪ੍ਰਸ਼ਾਸਨ ਅਤੇ ਪਸ਼ੂ ਪਾਲਣ ਵਿਭਾਗ ਦੇ ਰਹਿਮੋ ਕਰਮ ਤੇ ਨਹੀਂ ਛੱਡਿਆ ਜਾਵੇਗਾ ਸਗੋਂ ਇਸ ਮਸਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਹੋਇਆਂ ਜਲਦੀ ਹੀ ਜਥੇਬੰਦੀ ਦਾ ਵਫਦ ਜ਼ਿਲ੍ਹਾ ਪ੍ਰਸ਼ਾਸਨ ਨੂੰ ਮਿਲ ਕੇ ਪਸ਼ੂਆਂ ਦਾ ਇਲਾਜ ਜਲਦ, ਮੁਫ਼ਤ ਅਤੇ ਸਹੀ ਢੰਗ ਨਾਲ ਕਰਾਉਣ ਦੀ ਮੰਗ ਕਰੇਗਾ। ਕਿਸੇ ਵੀ ਹਾਲਤ ਵਿੱਚ ਪਿੰਡ ਨਿਵਾਸੀਆਂ ਨੂੰ ਇਕੱਲਿਆਂ ਨਹੀਂ ਛੱਡਿਆ ਜਾਵੇਗਾ। ਜੇਕਰ ਜਲਦ ਇਸ ਸਮੱਸਿਆ ਦਾ ਹੱਲ ਜਲਦ ਨਹੀਂ ਕੀਤਾ ਜਾਂਦਾ ਤਾਂ ਜਥੇਬੰਦੀ ਪਿੰਡ ਨਿਵਾਸੀਆਂ ਅਤੇ ਇਲਾਕਾ ਨਿਵਾਸੀਆਂ ਨੂੰ ਨਾਲ ਲੈ ਕੇ ਸੰਘਰਸ਼ ਕਰੇਗੀ। ਇਸ ਸਮੇਂ ਕਿਸਾਨ ਆਗੂ ਅੰਮ੍ਰਿਤ ਪਾਲ ਸਿੰਘ ਤੋਂ ਇਲਾਵਾ ਸੁਰਜੀਤ ਸਿੰਘ, ਗੁਰਨਾਮ ਸਿੰਘ, ਅਵਤਾਰ ਸਿੰਘ, ਗੁਰਦੇਵ ਸਿੰਘ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਕਿਸਾਨ ਹਾਜ਼ਰ ਸਨ।





## ਇੱਕ ਨਜ਼ਰ



## ਸਰਕਾਰੀ ਐਲੀਮੈਂਟਰੀ ਸਕੂਲ ਹਰਿਆਣਾ ਦੇ ਵਿਦਿਆਰਥੀਆਂ ਨੇ ਪੰਜਵੀਂ ਦੀ ਪ੍ਰੀਖਿਆ 'ਚ ਕੀਤਾ ਸਕੂਲ ਦਾ ਨਾਮ ਰੌਸ਼ਨ

ਹੁਸ਼ਿਆਰਪੁਰ, 6 ਅਪ੍ਰੈਲ (ਬਲਵੀਰ ਸਿੰਘ ਸੈਣੀ)- ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਘੋਸ਼ਿਤ ਪੰਜਵੀ ਸ਼੍ਰੇਣੀ ਦੇ ਨਤੀਜਿਆਂ ਵਿੱਚ ਸਰਕਾਰੀ ਪ੍ਰਾਇਮਰੀ ਸਕੂਲ ਹਰਿਆਣਾ ਦੇ ਸਾਰੇ ਹੀ 13 ਵਿਦਿਆਰਥੀਆਂ ਨੇ ਵਧੀਆ ਅੰਕ ਲੈ ਕੇ ਸਕੂਲ ਦਾ ਨਾਮ ਪੂਰੇ ਇਲਾਕੇ ਵਿੱਚ ਰੋਸ਼ਨ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸਕੂਲ ਦੀ ਮੁੱਖ ਅਧਿਆਪਿਕਾ ਮੈਡਮ ਸੰਗੀਤਾ ਵਾਸੂਦੇਵਾ ਨੇ ਦੱਸਿਆ ਕਿ ਸਕੂਲ ਵਿਦਿਆਰਥਣ ਮਨਜੋਤ ਕੌਰ ਨੇ 500 ਅੰਕਾਂ ਵਿੱਚੋਂ 488 ਅੰਕ ਪ੍ਰਾਪਤ ਕਰਕੇ ਕੇਵਲ ਸਕੂਲ ਵਿੱਚੋਂ ਹੀ ਨਹੀਂ ਬਲਕਿ ਪੂਰੇ ਕਲਸਟਰ ਹਰਿਆਣਾ ਦੇ ਸਾਰੇ ਸਕੂਲਾਂ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ ਜੋ ਕਿ ਸਕੂਲ ਲਈ ਇੱਕ ਬਹੁਤ ਹੀ ਮਾਣ ਵਾਲੀ ਗੱਲ ਹੈ। ਸਕੂਲ ਦੇ ਵਿਦਿਆਰਥੀ ਪ੍ਰਥਮ ਕੁਮਾਰ ਨੇ 482 ਅੰਕ ਪ੍ਰਾਪਤ ਕਰਕੇ ਸਕੂਲ ਵਿੱਚੋਂ ਦੂਸਰਾ ਸਥਾਨ ਅਤੇ ਕੁਮਾਰੀ ਆਜਲ ਨੇ 478 ਅੰਕ ਪ੍ਰਾਪਤ ਕਰਕੇ ਸਕੂਲ ਵਿੱਚ ਤੀਸਰਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਜਿਲ੍ਹੇ ਦੇ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਸਰਦਾਰ ਸੁਖਵਿੰਦਰ ਸਿੰਘ ਅਤੇ ਸਕੂਲ ਦੇ ਸਮੂਹ ਸਟਾਫ ਵੱਲੋਂ ਇਹਨਾਂ ਹੋਣਹਾਰ ਵਿਦਿਆਰਥੀਆਂ ਅਤੇ ਇਹਨਾਂ ਦੇ ਮਾਪਿਆਂ ਦਾ ਸਨਮਾਨ ਕੀਤਾ ਗਿਆ। ਉਪ ਜ਼ਿਲ੍ਹਾ ਸਿੱਖਿਆ ਅਫਸਰ ਵੱਲੋਂ ਸਕੂਲ ਮੁਖੀ ਮੈਡਮ ਸੰਗੀਤਾ ਵਾਸੂਦੇਵਾ, ਸ਼੍ਰੇਣੀ ਇੰਚਾਰਜ ਮੈਡਮ ਪ੍ਰੇਮ ਲਤਾ, ਸਕੂਲ ਸਟਾਫ ਮੈਂਬਰ ਮੈਡਮ ਮਨਜੀਤ ਕੌਰ, ਮੈਡਮ ਪਵਨ ਕੁਮਾਰੀ ਸਮੇਤ ਸਮੂਹ ਸਟਾਫ ਨੂੰ ਵਧਾਈ ਦਿੱਤੀ ।ਇਸ ਮੌਕੇ ਇਹਨਾਂ ਹੋਣ ਹਾਰ ਵਿਦਿਆਰਥੀਆਂ ਦੇ ਨਾਲ ਉਹਨਾਂ ਦੇ ਮਾਪੇ ਵੀ ਇਸ ਸਨਮਾਨ ਸਮਾਰੋਹ ਵਿੱਚ ਹਾਜ਼ਰ ਸਨ।

## ਨੇਤਰਦਾਨ ਸੰਸਥਾ ਦਾ ਸਮਾਜ ਸੇਵਾ ਵਿੱਚ ਵਡਮੁੱਲਾ ਯੋਗਦਾਨ




ਹੁਸ਼ਿਆਰਪੁਰ, 6 ਅਪ੍ਰੈਲ (ਬਲਵੀਰ ਸਿੰਘ ਸੈਣੀ)- ਨੇਤਰਦਾਨ ਐਸੋਸੀਏਸ਼ਨ ਹੁਸ਼ਿਆਰਪੁਰ ਵੱਲੋਂ ਸ੍ਰੀ ਰਮਨ ਕੁਮਾਰ ਵਾਸੀ ਪਿੱਪਲਾਂ ਵਾਲਾ ਹੁਸ਼ਿਆਰਪੁਰ ਜੋ ਕਿ ਲੰਮੇ ਸਮੇਂ ਤੋਂ ਪੁੱਤਲੀ ਦੀ ਖਰਾਬੀ ਕਾਰਨ ਅੰਨੇਪਣ ਦਾ ਸ਼ਿਕਾਰ ਸਨ ਉਹਨਾਂ ਦੀ ਜ਼ਿੰਦਗੀ ਵਿੱਚ ਰੋਸ਼ਨੀ ਪਾਉਣ ਲਈ ਪੁਤਲੀ ਬਦਲਾਉਣ ਦੀ ਸੇਵਾ ਕੀਤੀ ਗਈ। ਇਸ ਮੌਕੇ ਸਿਵਲ ਸਰਜਨ ਡਾਕਟਰ ਬਲਵਿੰਦਰ ਕੁਮਾਰ ਡੁਮਾਣਾ ਜੀ ਰਮਣ ਕੁਮਾਰ ਦੇ ਪਰਿਵਾਰ ਨੂੰ ਮਿਲੇ ਅਤੇ ਉਹਨਾਂ ਨੂੰ ਵਿਸ਼ਵਾਸ ਦਵਾਇਆ ਕਿ ਪੰਜਾਬ ਸਰਕਾਰ ਵੱਲੋਂ ਜੋ ਵੀ ਹੋ ਸਕੇ ਹਰ ਤਰ੍ਹਾਂ ਦੀ ਲੋੜੀਦੀ ਸਹਾਇਤਾ ਕੀਤੀ ਜਾਵੇਗੀ। ਉਸ ਵੇਲੇ ਸਿਵਲ ਹਸਪਤਾਲ ਦੇ ਡਾਕਟਰ ਮਨਮੋਹਨ ਸਿੰਘ ਐਸਐਮਓ ਅਤੇ ਅੱਖਾਂ ਦੇ ਮਾਹਿਰ ਡਾਕਟਰ ਮਨਪ੍ਰੀਤ ਕੌਰ ਹਾਜ਼ਰ ਸਨ। ਉਨ੍ਹਾਂ ਵੱਲੋਂ ਨੇਤਰਦਾਨ ਸੰਸਥਾ ਦੇ ਇਸ ਨੇਕ ਕੰਮ ਲਈ ਭਰਪੂਰ ਸ਼ਲਾਘਾ ਕੀਤੀ ਗਈ। ਨੇਤਰ ਦਾਨ ਸੰਸਥਾ ਦੇ ਸਰਪ੍ਰਸਤ ਪ੍ਰੋਫੈਸਰ ਬਹਾਦਰ ਸਿੰਘ ਸੁਨੇਤ ਅਤੇ ਸਕੱਤਰ ਸਰਦਾਰ ਬਲਜੀਤ ਸਿੰਘ ਨੇ ਦੱਸਿਆ ਕਿ ਇਹ ਸੰਸਥਾ ਪਿਛਲੇ 25 ਸਾਲਾਂ ਤੋਂ ਲਗਾਤਾਰ ਮਨੁੱਖਤਾ ਦੀ ਸੇਵਾ ਕਰ ਰਹੀ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਨੂੰ ਨੇਤਰਹੀਣਤਾ ਤੋਂ ਮੁਕਤ ਕਰਵਾਉਣ ਲਈ ਹਜ਼ਾਰਾਂ ਹੀ ਲੋਕਾਂ ਨੂੰ ਰੋਸ਼ਨੀ ਪ੍ਰਦਾਨ ਕਰਾ ਚੁੱਕੇ ਹਨ। ਉਨ੍ਹਾਂ ਵੱਲੋਂ ਦੱਸਿਆ ਗਿਆ ਕਿ ਲੋੜਵੰਦ ਮਰੀਜ਼ਾਂ ਦਾ ਖਰਚਾ ਵੀ ਮੌਜੂਦਾ ਸੰਸਥਾ ਵੱਲੋਂ ਕੀਤਾ ਜਾਂਦਾ ਹੈ। ਇਸ ਮੌਕੇ ਸ੍ਰੀ ਸੁਰੇਸ਼ ਕਪਾਟੀਆ, ਗੁਰਪ੍ਰੀਤ ਸਿੰਘ, ਹਰਭਜਨ ਸਿੰਘ, ਐਸ.ਪੀ. ਸ਼ਰਮਾ, ਪ੍ਰੇਮ ਸੈਣੀ, ਗੁਰਪਾਲ ਸਿੰਘ, ਪ੍ਰਿੰਸੀ: ਸ੍ਰੀਮਤੀ ਰਚਨਾ ਕੌਰ ਅਤੇ ਸ੍ਰੀਮਤੀ ਜਤਿੰਦਰ ਕੌਰ ਹਾਜ਼ਰ ਸਨ।


**STING OPERATION**
(Newspaper & Web Channel)
के लिए समूह भारत में जिला इंचार्ज, पत्रकारों एवं विज्ञापन एजैंट्स की जरूरत है।
सम्पर्क करें
90416-59160
stingnews24@gmail.com


### ਹੁਸ਼ਿਆਰਪੁਰ ਪੁਲਿਸ ਵੱਲੋਂ ਏ.ਟੀ.ਐਮ. ਲੁੱਟਣ ਤੇ ਚੋਰੀ ਕਰਨ ਵਾਲੇ ਗੈਂਗ ਨੂੰ ਕੀਤਾ ਕਾਬੂ

## 4 ਵਿਅਕਤੀਆਂ ਸਣੇ ਚੋਰੀ ਹੋਏ ਮੋਟਰਸਾਈਕਲ ਸਣੇ ਸਮਾਨ ਬਰਾਮਦ

- ਪੁਲਿਸ ਵੱਲੋਂ ਗ੍ਰਿਫਤਾਰ ਕੀਤੇ ਹੈਰੀ ਪੁੱਤਰ ਜਗਸੀਰ ਸਿੰਘ ਵਾਸੀ ਬੱਡਲਾ ਥਾਣਾ ਮੇਹਟੀਆਣਾ, ਜਿਲ੍ਹਾ ਹੁਸ਼ਿਆਰਪੁਰ,ਅਜੈ ਕੁਮਾਰ ਪੁੱਤਰ ਜਗਸੀਰ ਸਿੰਘ ਵਾਸੀ ਬੱਡਲਾ ਥਾਣਾ ਮੇਹਟੀਆਣਾ, ਜਿਲ੍ਹਾ ਹੁਸ਼ਿਆਰਪੁਰ,ਕਰਨਦੀਪ ਸਿੰਘ ਪੁੱਤਰ ਕੁਲਵਿੰਦਰ ਸਿੰਘ





ਹੁਸ਼ਿਆਰਪੁਰ, 6 ਅਪ੍ਰੈਲ (ਬਲਵੀਰ ਸਿੰਘ ਸੈਣੀ)- ਹੁਸ਼ਿਆਰਪੁਰ ਪੁਲਿਸ ਨੇ ਬੈਂਕਾਂ ਦੇ ਏਟੀਐਮ ਲੁੱਟਣ ਅਤੇ ਚੋਰੀ ਕਰਨ ਵਾਲੇ ਗੈਂਗ ਨੂੰ ਕਾਬੂ ਕਰਕੇ ਅੱਗੇ ਹੁਣ ਵਾਲੀਆਂ ਵੱਡੀਆਂ ਵਾਰਦਾਤਾਂ ਨੂੰ ਠੱਲ ਪਾਉਣ ਵਿੱਚ ਵੱਡੀ ਕਾਮਯਾਬੀ ਹਾਸਿਲ ਕੀਤੀ ਹੈ। ਇਹ ਖੁਲਾਸਾ ਪੁਲਿਸ ਲਾਇਨ ਹੁਸ਼ਿਆਰਪੁਰ ਵਿੱਚ ਕਰਵਾਈ ਵਿਸ਼ੇਸ਼ ਪ੍ਰੈੱਸ ਕਾਨਫਰੰਸ ਦੌਰਾਨ ਸ਼ਿਵ ਦਰਸ਼ਨ ਸਿੰਘ ਉਪ ਪੁਲਿਸ ਕਪਤਾਨ ਤਫਤੀਸ਼ ਨੇ ਕਰਦਿਆਂ ਦੱਸਿਆ ਕਿ ਇਸ ਗੈਂਗ ਵਿੱਚ ਸ਼ਾਮਿਲ ਚਾਰ ਵਿਅਕਤੀਆਂ ਨੂੰ ਕਾਬੂ ਕਰਕੇ ਚੋਰੀ ਹੋਇਆ ਸਮਾਨ 2 ਮੋਟਰਸਾਈਕਲਾਂ ਸਮੇਤ ਵਾਰਦਾਤ ਵਿੱਚ ਵਰਤੇ 4 ਹੋਰ ਮੋਟਰਸਾਈਕਲ ਵੀ ਬਰਾਮਦ ਕਰਨ ਵਿੱਚ ਸਫਲਤਾ ਹਾਸਿਲ ਕੀਤੀ ਹੈ, ਉਨ੍ਹਾਂ ਦੱਸਿਆ ਕਿ ਇੰਸਪੈਕਟਰ ਊਸ਼ਾ ਰਾਣੀ ਮੁੱਖ ਅਫਸਰ ਥਾਣਾ ਮੇਹਟੀਆਣਾ ਸਮੇਤ ਪੁਲਿਸ ਪਾਰਟੀ ਨੂੰ ਉਸ ਸਮੇਂ ਵੱਡੀ ਸਫਲਤਾ ਮਿਲੀ ਜਦੋ ਉਹਨਾ ਨੇ 18 ਤੇ 19-3-24 ਦੀ ਦਰਮਿਆਨੀ ਰਾਤ ਨੂੰ ਪੰਜਾਬ ਨੈਸ਼ਨਲ ਬੈਂਕ ਦੀ ਬ੍ਰਾਂਚ ਫੁਗਲਾਣਾ ਦੇ ਏਟੀਐਮ ਦੀ ਭੰਨਤੋੜ ਕਰਕੇ ਏ.ਟੀ.ਐਮ ਦੀ ਮਸ਼ੀਨ ਨੂੰ ਲੁੱਟਣ ਵਾਲੇ ਗੈਂਗ ਦੇ ਕਥਿਤ ਮੁੱਖ ਦੋਸ਼ੀ ਹੈਰੀ ਪੁੱਤਰ ਜਗਸੀਰ ਸਿੰਘ ਵਾਸੀ ਬਡਲਾ ਨੂੰ ਗ੍ਰਿਫਤਾਰ ਕਰਨ ਵਿੱਚ ਸਫਲਤਾ ਹਾਸਿਲ ਕੀਤੀ । ਉਨ੍ਹਾਂ ਦੱਸਿਆ ਕਿ ਉਕਤ ਕਥਿਤ ਦੋਸ਼ੀ ਨੇ ਪੁੱਛਗਿੱਛ ਵਿੱਚ ਮੰਨਿਆ ਕਿ ਉਸ ਨੇ ਇਹ ਚੋਰੀ ਅਜੈ ਕੁਮਾਰ ਪੁੱਤਰ ਜਗਸੀਰ ਸਿੰਘ, ਕਰਨਦੀਪ ਸਿੰਘ ਪੁੱਤਰ ਕੁਲਵਿੰਦਰ ਸਿੰਘ, ਕਰਮਵੀਰ ਸਿੰਘ ਪੁੱਤਰ ਕੁਲਵਿੰਦਰ ਸਿੰਘ ਵਾਸੀਆਨ ਬਡਲਾ ਥਾਣਾ ਮੇਹਟੀਆਣਾ ਜਿਲ੍ਹਾ ਹੁਸ਼ਿਆਰਪੁਰ ਨਾਲ ਮਿਲ ਕੇ ਕੀਤੀ ਸੀ, ਅਤੇ ਉਹਨਾਂ ਨੇ ਮਿਤੀ 21-10-23 ਦੀ ਰਾਤ ਨੂੰ ਮੇਹਟੀਆਣਾ ਸਥਿਤ ਇੱਕ ਨਿੱਜੀ ਕੰਪਨੀ ਵਿੱਚੋਂ ਮੋਟਰਸਾਈਕਲ ਦੇ ਮਡਗਾਰਡ ਅਤੇ ਰਿਮ ਵੀ ਚੋਰੀ ਕੀਤੇ ਸਨ, ਜਿਸ ਸਬੰਧੀ ਥਾਣਾ ਮੇਹਟੀਆਣਾ ਵਿੱਚ ਕੇਸ ਦਰਜ ਕੀਤਾ ਗਿਆ ਸੀ, ਇਸ ਤੋ ਇਲਾਵਾ ਮਿਤੀ 5-1-2024 ਦੀ ਦਰਮਿਆਨੀ ਰਾਤ ਨੂੰ ਉਕਤ ਫੈਕਟਰੀ ਅੰਦਰੋ ਅਗਲੀ ਚੋਰੀ ਦੀ ਵਾਰਦਾਤ ਨੂੰ ਅੰਜਾਮ ਦੇਣ ਲਈ ਇੱਕ ਸਿਲੰਡਰ ਆਕਸੀਜਨ ਸਮੇਤ ਔਜਾਰਾਂ ਦੀ ਚੋਰੀ ਵੀ ਕੀਤੀ ਸੀ। ਜਿਸ ਸਬੰਧੀ ਵੀ ਥਾਣਾ ਮੇਹਟੀਆਣਾ ਚ ਮੁਕੱਦਮਾ ਦਰਜ ਕੀਤਾ ਗਿਆ ਅਤੇ ਇਸ ਤੋਂ ਇਲਾਵਾ ਮਿਤੀ 13-01-2024 ਦੀ ਰਾਤ ਨੂੰ ਪਿੰਡ ਰਾਜਪੁਰ ਭਾਈਆ ਵਿਖੇ ਐਚ.ਡੀ.ਐਫ.ਸੀ ਬੈਂਕ ਦੇ ਏ.ਟੀ.ਐਮ ਵਿੱਚੋ ਕੈਸ਼ ਚੋਰੀ ਕਰਨ ਦੀ ਵੀ ਕੋਸ਼ਿਸ਼ ਕੀਤੀ ਸੀ, ਪਰ ਪੁਲਿਸ ਪਾਰਟੀ ਦੇ ਅਚਾਨਕ ਮੌਕੇ 'ਤੇ ਪੁੱਜਣ ਕਾਰਣ ਚੋਰੀ ਨਾਕਾਮ ਹੋ ਗਈ ਅਤੇ ਉਹ ਆਪਣੇ ਔਜਾਰ ਅਤੇ ਹੋਰ ਸਮਾਨ ਛੱਡ ਕੇ ਭੱਜ ਗਏ । ਜਿਸ ਸਬੰਧੀ ਥਾਣਾ ਮੇਹਟੀਆਣਾ ਜਿਲ੍ਹਾ ਹੁਸ਼ਿਆਰਪੁਰ ਵਿਖੇ ਮੁਕੱਦਮਾ ਦਰਜ ਕੀਤਾ ਗਿਆ। ਉਕਤ ਦੋਸ਼ੀਆਂ ਦੀ ਪੁੱਛਗਿੱਛ ਦੌਰਾਨ ਥਾਣਾ ਮੇਹਟੀਆਣਾ ਦੇ ਹੇਠ ਲਿਖੇ ਮੁਕੱਦਮੇ ਟਰੇਸ ਹੋਏ ਹਨ ਅਤੇ 3 ਆਕਸੀਜਨ ਸਿਲੰਡਰ, ਛੋਟਾ ਗੈਸ ਕਟਰ, ਪਾਇਪ ਅਤੇ ਚੋਰੀ ਦੇ ਮੋਟਰਸਾਈਕਲ ਮਾਰਕਾ ਪਲਟੀਨਾ , ਵਾਰਦਾਤ ਸਮੇਂ ਵਰਤੇ ਗਏ ਮੋਟਰਸਾਈਕਲ ਮਾਰਕਾ ਸੀ.ਟੀ100 ਬਿਨ੍ਹਾਂ ਨੰਬਰੀ,ਮੋਟਰਸਾਈਕਲ ਮਾਰਕਾ ਹੀਰੋ ਹਾਂਡਾ,. ਮੋਟਰਸਾਈਕਲ ਮਾਰਕਾ ਹੀਰੋ ਹਾਂਡਾ, ਮੋਟਰਸਾਈਕਲ ਮਾਰਕਾ ਪਲਟੀਨਾ ,ਮੋਟਰਸਾਈਕਲ ਬਰਾਮਦ ਕੀਤੇ ਹਨ। ਪੁਲਿਸ ਵੱਲੋਂ ਗ੍ਰਿਫਤਾਰ ਕੀਤੇ ਹੈਰੀ ਪੁੱਤਰ ਜਗਸੀਰ ਸਿੰਘ ਵਾਸੀ ਬੱਡਲਾ ਥਾਣਾ ਮੇਹਟੀਆਣਾ, ਜਿਲ੍ਹਾ ਹੁਸ਼ਿਆਰਪੁਰ,ਅਜੈ ਕੁਮਾਰ ਪੁੱਤਰ ਜਗਸੀਰ ਸਿੰਘ ਵਾਸੀ ਬੱਡਲਾ ਥਾਣਾ ਮੇਹਟੀਆਣਾ, ਜਿਲ੍ਹਾ ਹੁਸ਼ਿਆਰਪੁਰ,ਕਰਨਦੀਪ ਸਿੰਘ ਪੁੱਤਰ ਕੁਲਵਿੰਦਰ ਸਿੰਘ, ਵਾਸੀ ਬੱਡਲਾ ਥਾਣਾ ਮੇਹਟੀਆਣਾ, ਜਿਲ੍ਹਾ ਹੁਸ਼ਿਆਰਪੁਰ,ਕਰਮਵੀਰ ਸਿੰਘ ਪੁੱਤਰ ਕੁਲਵਿੰਦਰ ਸਿੰਘ ਵਾਸੀ ਬੱਡਲਾ ਥਾਣਾ ਮੇਹਟੀਆਣਾ, ਜਿਲ੍ਹਾ ਹੁਸ਼ਿਆਰਪੁਰ ਨੂੰ ਵੀ ਪ੍ਰੈੱਸ ਕਾਨਫਰੰਸ ਵਿੱਚ ਪੇਸ਼ ਕੀਤਾ ਗਿਆ।

### चंडीगढ़ से लुधियाना आ रही फॉर्च्यूनर गाड़ी की स्कॉर्पियो गाड़ी के साथ आमने-सामने टक्कर

## पंजाब पुलिस के ए.सी.पी. और गनमैन की जिंदा जले







खन्ना, 6 अप्रैल (ओंमकार सिंह सत्तू): खन्ना, में समराला के पास दयालपुरा गांव के पास फ्लाईओवर पर रात करीब 1 बजे एक दर्दनाक हादसा हुआ, जिसमें लुधियाना ईस्ट के ए.सी.पी. और उनके गनमैन की मौत हो गई और ड्राइवर गंभीर रूप से घायल हो गया। घायल ड्राइवर को लुधियाना के डीएमसी अस्पताल रेफर कर दिया गया। मृतकों की पहचान एसीपी संदीप सिंह और गनमैन परमजोत सिंह के रूप में हुई है। जानकारी के मुताबिक, एसीपी संदीप सिंह अपने गनमैन और ड्राइवर के साथ फॉर्च्यूनर गाड़ी में सवार होकर चंडीगढ़ से आ रहे थे, लेकिन तभी लुधियाना से आ रही स्कॉर्पियो गाड़ी से उनकी गाड़ी की आमने सामने से टक्कर हो गई। टक्कर इतनी भीषण थी कि फॉर्च्यूनर गाड़ी में मौके पर ही आग लग गई और कुछ ही मिनटों में गाड़ी पूरी तरह से जलकर खाक हो गई। वहीं डॉक्टर मनप्रीत कौर ने बताया कि देर रात तीन लोगों को हॉस्पिटल लाया गया। ए.सी.पी.संदीप सिंह और उनके गनमैन परमजोत को मौके पर ही मौत हो गई थी। ड्राइवर गुरप्रीत सिंह गंभीर रूप से घायल था। जिसे तुरंत लुधियाना रेफर किया गया।

## ਆਮ ਆਦਮੀ ਪਾਰਟੀ ਦੇ ਆਗੂ ਕਸ਼ਮੀਰ ਸਿੰਘ ਗਾਹਿਰੀ ਦੇ ਗ੍ਰਹਿ ਵਿਖੇ ਪੁੱਜੇ ਵਿਧਾਇਕ ਡਾ ਕਸ਼ਮੀਰ ਸਿੰਘ ਸੋਹਲ ਨੇ ਲੋਕਾਂ ਦੀਆਂ ਮੁਸ਼ਿਕਲਾਂ ਸੁਣੀਆਂ

ਸਰਾਂਏ ਅਮਾਨਤ ਖਾਂ 6 ਅਪ੍ਰੈਲ, ਗੁਰਬੀਰ ਸਿੰਘ ਗੰਡੀਵਿੰਡ ਵਿਧਾਨ ਸਭਾ ਹਲਕਾ ਤਰਨ ਤਾਰਨ ਦੇ ਵਿਧਾਇਕ ਡਾਕਟਰ ਕਸ਼ਮੀਰ ਸਿੰਘ ਸੋਹਲ ਨੇ ਸਰਹੱਦੀ ਪਿੰਡ ਗਹਿਰੀ ਵਿਖੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਸ੍ਰ ਕਸ਼ਮੀਰ ਸਿੰਘ ਗਾਹਿਰੀ ਤੇ ਗੁਰਪ੍ਰੀਤ ਸਿੰਘ ਗੋਪੀ ਗਾਹਿਰੀ ਦੇ ਗ੍ਰਹਿ ਵਿਖੇ ਪਿੰਡ ਵਾਸੀਆਂ ਦੀਆਂ ਮੁਸ਼ਕਲਾਂ ਸੁਣੀਆਂ ਤੇ ਵਿਧਾਇਕ ਸੋਹਲ ਨੇ ਪਿੰਡ ਵਾਸੀਆਂ ਦੀਆਂ ਮੰਗਾਂ ਜਲਦੀ ਪੂਰੀਆਂ ਕਰਨ ਦਾ ਭਰੋਸਾ ਦਿੱਤਾ। ਇਸ ਮੌਕੇ ਤੇ ਵਿਧਾਇਕ ਡਾਕਟਰ ਸੋਹਲ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪਿੰਡਾਂ ਦੀ ਨੁਹਾਰ ਬਦਲਣ ਲਈ ਵਿਕਾਸ ਕਾਰਜ ਵਿੱਚ ਤੇਜ਼ੀ ਲਿਆਂਦੀ ਜਾ ਰਹੀ ਹੈ ਤਾਂ ਕਿ ਰੰਗਲਾ ਪੰਜਾਬ ਦਾ ਸੁਪਨਾ ਪੂਰਾ ਕੀਤਾ ਜਾ ਸਕੇ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਨੇ ਸਾਰੇ ਘਰੇਲੂ ਖਪਤਕਾਰਾਂ ਲਈ 600 ਯੂਨਿਟ ਮੁਫਤ ਬਿਜਲੀ ਅਤੇ ਆਮ ਆਦਮੀ ਕਲੀਨਿਕਾਂ ਖੋਹਲ ਕੇ ਲੋਕਾਂ ਦਾ ਮਨ ਜਿੱਤਿਆ ਹੈ। ਡਾਕਟਰ ਸੋਹਲ ਨੇ ਕਿਹਾ ਕਿ ਅਜਿਹੇ ਲੋਕ ਪਾਰਟੀ ਦੇ ਗਦਾਰ ਹਨ ਅਤੇ ਗਦਾਰੀ ਕਰਨ ਵਾਲੇ ਅਜਿਹੇ ਲੋਕਾਂ ਨੂੰ ਪੰਜਾਬ ਦੀ ਸੂਝਵਾਨ ਜਨਤਾ ਕਦੇ ਵੀ ਮੂੰਹ ਨਹੀਂ ਲਾਵੇਗੀ ।ਇਸ ਮੌਕੇ ਬਾਬਾ ਕਸ਼ਮੀਰ ਸਿੰਘ ਗਹਿਰੀ, ਗੁਰਪ੍ਰੀਤ ਸਿੰਘ ਗੋਪੀ, ਰਣਜੀਤ ਸਿੰਘ ਰਾਣਾ , ਸਰਪੰਚ ਪਰਮਜੀਤ ਸਿੰਘ ਚਾਹਲ, ਰਾਣਾ ਕਲਸ, ਮਹਾਂਬੀਰ ਸਿੰਘ ਗਾਹਿਰੀ, ਜੱਸਾ ਸਿੰਘ ਗਾਹਿਰੀ, ਮੈਂਬਰ ਰਾਣਾ ਗਾਹਿਰੀ, ਸਤਨਾਮ ਸਿੰਘ, ਕੁਲਵਿੰਦਰ ਸਿੰਘ, ਜਗਦੀਸ਼ ਸਿੰਘ, ਤਰਸੇਮ ਸਿੰਘ, ਹੈਪੀ, ਬਖਸ਼ੀਸ਼ ਸਿੰਘ, ਗੁਰਜੀਤ ਸਿੰਘ ਗਾਹਿਰੀ, ਅਜੀਤ ਸਿੰਘ, ਸਰਦੂਲ ਸਿੰਘ, ਕਸ਼ਮੀਰ ਸਿੰਘ ਦੁਆਬੀਆ, ਰੇਸ਼ਮ ਸਿੰਘ, ਜਗੀਰ ਸਿੰਘ, ਲੀਡਰ ਸਿੰਘ, ਗਿੰਦਰ ਸਿੰਘ ਧਰਮਿੰਦਰ ਸਿੰਘ ਗਾਹਿਰੀ, ਹੀਰਾ ਸਿੰਘ, ਮਹਾਂਬੀਰ ਸਿੰਘ, ਕੇਵਲ ਸਿੰਘ, ਭਲਵਿੰਦਰ ਸਿੰਘ ਚਾਹਲ, ਬਾਬਾ ਘੀਲੋ ਸਿੰਘ, ਗੁਜ਼ਰ, ਸੁੱਖਾ ਗਾਹਿਰੀ, ਮੇਹਰ ਸਿੰਘ ਰੱਤੋਕੇ, ਅਕਾਸ਼ਦੀਪ ਸਿੰਘ, ਨਿੰਦਰ ਸਿੰਘ ਗਾਹਿਰੀ, ਗੱਜਣ ਸਿੰਘ ਚਾਹਲ ਆਦਿ ਤੋਂ ਇਲਾਵਾ ਪਿੰਡ ਦੀਆਂ ਪ੍ਰਮੁੱਖ ਸਖਸ਼ੀਅਤਾਂ ਹਾਜ਼ਰ ਸਨ





# ਸਟਿੰਗ ਆਪ੍ਰੇਸ਼ਨ

e-mail : stingnews24@gmail.com
www.stingoperation.us

ਜਲੰਧਰ । ਐਤਵਾਰ, 7 ਅਪ੍ਰੈਲ 2024








## ਇੱਕ ਨਜ਼ਰ



## ਗਲਤ ਹਰਕਤਾਂ ਵਾਲੇ ਦੋਸ਼ੀ ਨੂੰ ਗ੍ਰਿਫਤਾਰ ਨਾ ਕੀਤਾ ਤਾਂ ਝਬਾਲ ਚੌਕ ਵਿੱਚ 8 ਅਪ੍ਰੈਲ ਦਿਨ ਸੋਮਵਾਰ ਨੂੰ ਲਗਾਇਆ ਜਾਵੇਗਾ ਧਰਨਾ: ਚੇਅਰਮੈਨ ਮਨਜੀਤ ਸਿੰਘ

ਸਰਾਏ ਅਮਾਨਤ ਖਾਂ, ਝਬਾਲ, 6 ਅਪ੍ਰੈਲ ( ਗੁਰਬੀਰ ਸਿੰਘ ਗੰਡੀਵਿੰਡ)- ਥਾਣਾ ਝਬਾਲ ਦੀ ਪੁਲਿਸ ਵਲੋਂ ਬੀਤੇ ਦਿਨੀਂ ਅੱਡਾ ਬਬਾਲ ਅਟਾਰੀ ਰੋਡ ਵਿਖੇ ਨੰਦ ਸਰਪੰਚ ਵਾਲੀ ਮਾਰਕੀਟ ਵਿਖੇ ਬਿਊਟੀ ਪਾਰਲਰ ਦਾ ਕੰਮ ਕਰਦੀ ਸਰਬਜੀਤ ਕੌਰ ਪਿੰਡ ਬਘਿਆੜੀ ਨਾਲ ਗ.ਲਤ ਹਰਕਤਾਂ ਕਰਨ ਵਾਲੇ ਤੇ ਝਬਾਲ ਪੁਲਿਸ ਵਲੋਂ ਪਰਚਾ ਦਰਜ ਕਰਨ ਦੇ ਬਾਵਜੂਦ ਗਿਰਫ਼ਤਾਰ ਨਾ ਕਰਣ ਤੇ ਸੋਮਵਾਰ ਨੂੰ ਝਬਾਲ ਦੇ ਮੇਨ ਚੋਂਕ ਵਿੱਚ ਪ੍ਰਦਰਸ਼ਨ ਕੀਤਾ ਜਾਵੇਗਾ ।ਇਸ ਸਬੰਧੀ ਝਬਾਲ ਵਿਖੇ ਗ.ਲਤ ਹਰਕਤਾਂ ਦਾ ਸ਼ਿਕਾਰ ਹੋਈ ਪੀੜਤ ਔਰਤ ਸਰਬਜੀਤ ਕੌਰ ਪਤਨੀ ਲਾਲ ਸਿੰਘ ਪਿੰਡ ਬਘਿਆੜੀ ਉਸ ਦੇ ਭਰਾ ਸਾਹਿਬ ਸਿੰਘ ਪਿੰਡ ਸੋਹਲ ,ਸੋਨੂੰ ਸਿੰਘ ਸੋਹਲ, ਗੁਰੂ ਗਿਆਨ ਨਾਥ ਧਰਮ ਸਮਾਜ ਸੇਵਾ ਸੁਸਾਇਟੀ ਰਾਮ ਤੀਰਥ ਦੇ ਯੂਥ ਵਿੰਗ ਦੇ ਚੇਅਰਮੈਨ ਮਨਜੀਤ ਸਿੰਘ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਪੁਲਿਸ ਨੇ ਗ.ਲਤ ਹਰਕਤਾਂ ਕਰਨ ਵਾਲੇ ਮੰਨੂ ਪੁੱਤਰ ਕਾਲਾ ਕਿਤਾਬਾਂ ਵਾਲਾ ਵਾਸੀ ਝਬਾਲ ਕਲਾ ਦੇ ਖਿਲਾਫ ਪੁਲਿਸ ਨੇ ਵੱਖ ਵੱਖ ਧਾਰਾਵਾਂ ਤਹਿਤ ਮਾਮਲਾ ਤਾਂ ਦਰਜ ਕਰ ਲਿਆ ਪਰ ਦੋਸ਼ੀ ਸ਼ਰੇਆਮ ਆਪਣੀ ਦੁਕਾਨ ਤੇ ਬੈਠ ਕੇ ਦੁਕਾਨ ਦਾਰੀ ਕਰ ਰਿਹਾ ਪਰ ਪੁਲਿਸ ਉਸ ਨੂੰ ਗਿਰਫ਼ਤਾਰ ਨਹੀਂ ਕਰ ਰਹੀ ਜੇਕਰ 8 ਅਪਰੈਲ ਤੱਕ ਦੋਸ਼ੀ ਨੂੰ ਨਾਂ ਗ੍ਰਿਫਤਾਰ ਕੀਤਾ ਅਤੇ ਸਾਨੂੰ ਇਨਸਾਫ਼ ਨਾ ਮਿਲਿਆ ਤਾਂ 8 ਅਪ੍ਰੈਲ ਦਿਨ ਸੋਮਵਾਰ ਨੂੰ ਗੁਰੂ ਗਿਆਨ ਨਾਥ ਧਰਮ ਸਮਾਜ ਵਲੋਂ ਅੱਡਾ ਝਬਾਲ ਵਿਖੇ ਦੇ ਮੇਨ ਚੋਂਕ ਵਿੱਚ ਆਵਾਜਾਈ ਬੰਦ ਕਰਕੇ ਰੋਸ਼ ਵਜੋਂ ਧਰਨਾ ਪ੍ਰਦਰਸ਼ਨ ਕੀਤਾ ਜਾਵੇਗਾ ਜਿਸ ਦੀ ਜ਼ਿੰਮੇਵਾਰ ਪੁਲਿਸ ਪ੍ਰਸ਼ਾਸਨ ਹੋਵੇਗੀ ਇਸ ਸੰਬਧੀ ਸਾਰੇ ਮਾਮਲੇ ਦੀ ਤਫਤੀਸ਼ ਕਰ ਰਹੇ ਏ ਐਸ ਆਈ ਦਵਿੰਦਰ ਸਿੰਘ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾ ਕਿਹਾ ਕਿ ਮੈਂ ਇਸ ਸਬੰਧੀ ਰਿਕਾਰਡ ਪੇਸ਼ ਕਰ ਦਿੱਤਾ ਹੈ।

## ਸਵ: ਗੁਰਵਿੰਦਰ ਕੌਰ ਔਲਖ ਨੂੰ ਕਰਨਬੀਰ ਸਿੰਘ ਬੁਰਜ ਨੇ ਸ਼ਰਧਾਂਜਲੀਆਂ ਭੇਟ ਕੀਤੀਆਂ





ਸਰਾਏ ਅਮਾਨਤ ਖਾਂ, 6 ਅਪ੍ਰੈਲ (ਗੁਰਬੀਰ ਸਿੰਘ ਗੰਡੀਵਿੰਡ)- ਸ ਗੁਰਦੇਵ ਸਿੰਘ ਔਲਖ ਠੱਠੀ ਸੋਹਲ ਦੀ ਪਤਨੀ ਅਤੇ ਗੁਰਲਾਲ ਸਿੰਘ ਔਲਖ ਅਤੇ ਯੁਵਰਾਜ ਸਿੰਘ ਔਲਖ ਦੇ ਮਾਤਾ ਗੁਰਵਿੰਦਰ ਕੌਰ ਕੋਪਰੇਵਿਟ ਸੋਸਾਇਟੀ ਦੇ ਮੈਂਬਰ ਜੋ ਪਿਛਲੇ ਦਿਨੀਂ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਸਨ ਉਨ੍ਹਾਂ ਦੇ ਨਮਿਤ ਪਰਸੋਂ ਤੋਂ ਰਖਾਏ ਗਏ ਸ਼੍ਰੀ ਅਖੰਡ ਪਾਠ ਸਾਹਿਬ ਜਿਨਾ ਭੋਗ ਉਨ੍ਹਾਂ ਦੇ ਜੱਦੀ ਪਿੰਡ ਠੱਠੀ ਸੋਹਲ ਵਿਖੇ ਪਾਏ ਗਏ।ਅਤੇ ਵੈਰਾਗਮਈ ਕੀਰਤਨ ਤੇ ਸ਼ਰਧਾਂਜਲੀ ਸਮਾਗਮ ਵੀ ਕਰਵਾਇਆ ਗਿਆ।ਇਸ ਤੋਂ ਇਲਾਵਾ ਪਰਿਵਾਰਕ ਮੈਂਬਰਾ ਉਨ੍ਹਾਂ ਦੇ ਪਤੀ ਗੁਰਦੇਵ ਸਿੰਘ ਤੇ ਮਾਤਾ ਦੇ ਪੁੱਤਰ ਗੁਰਲਾਲ ਸਿੰਘ ਔਲਖ ਤੇ ਯੁਵਰਾਜ ਸਿੰਘ ਔਲਖ ਨਾਲ ਕਰਨਬੀਰ ਸਿੰਘ ਬੁਰਜ ਨੇ ਦੁੱਖ ਸਾਂਝਾ ਕੀਤਾ ।ਇਸ ਮੌਕੇ ਕੋਆਪ੍ਰਟਿਵ ਸੋਸਾਇਟੀ ਪ੍ਰਧਾਨ ਮਲਕੀਤ ਸਿੰਘ, ਸਰਪੰਚ ਬਲਵਿੰਦਰ ਸਿੰਘ ਸੋਹਲ, ਸਾਬਕਾ ਸਰਪੰਚ ਹਰਦਿਆਲ ਸਿੰਘ ਝਬਾਲ, ਸਰਪੰਚ ਜਗਤਾਰ ਸਿੰਘ ਜੱਗਾ ਸਵਰਗਾਪੁਰੀ, ਜਸਵੰਤ ਸਿੰਘ ਸੋਹਲ ਕੋਆਪਰੇਟਿਵ ਸੁਸਾਇਟੀ ਪ੍ਰਧਾਨ, ਨੰਬਰਦਾਰ ਕੁਲਵੰਤ ਸਿੰਘ, ਸਤਨਾਮ ਸਿੰਘ ਆੜਤੀ ਬਾਸਰਕੇ ਗਿੱਲਾਂ, ਹਰਜੀਤ ਸਿੰਘ ਸੋਹਲ, ਮਨਪ੍ਰੀਤ ਸਿੰਘ, ਸੈਕਟਰੀ ਰਣਬੀਰ ਸਿੰਘ, ਸਾਬਕਾ ਸਰਪੰਚ ਵਿਰਸਾ ਸਿੰਘ ਗਾਹਿਰੀ, ਗੁਰਮੀਤ ਸਿੰਘ ਏ ਐਸ ਆਈ ਦਿੱਲੀ ਪੁਲਿਸ ਆਦਿ ਹਾਜ਼ਰ ਸਨ ।


ਸਟਿੰਗ ਆਪ੍ਰੇਸ਼ਨ
www.stingoperation.us ਜਲੰਧਰ
ਦੇਸ਼-ਵਿਦੇਸ਼ ਅਤੇ ਪੰਜਾਬ ਦੇ ਹਰ ਕਸਬੇ ਤੋਂ ਪੱਤਰਕਾਰਾਂ ਦੀ ਲੋੜ ਹੈ
Contact : 90416-59160


### ਮੁੱਖ ਮੰਤਰੀ ਭਗਵੰਤ ਮਾਨ ਦੀ ਫੇਰੀ ਦੌਰਾਨ ਚਮਕੌਰ ਸਾਹਿਬ ਵਿਖੇ

# ਠੇਕਾ ਮੁਲਾਜ਼ਮਾਂ ਵੱਲੋਂ ਵਿਰੋਧ ਪ੍ਰਦਰਸ਼ਨ ਕੀਤਾ

■ ਦੱਸਿਆ ਕਿ ਪੰਜਾਬ ਦੇ ਮੁੱਖ ਮੰਤਰੀ ਸ੍ਰੀ ਭਗਵੰਤ ਮਾਨ ਚੋਣਾਂ ਤੋਂ ਪਹਿਲਾਂ ਸਮੂਹ ਆਊਟਸੋਰਸਡ ਇੰਗਲਿਸ਼ਟਮੈਂਟ ਠੇਕਾ ਕਾਮਿਆਂ ਨੂੰ ਪੱਕਾ ਕਰਨ ਦੇ ਦਾਅਵੇ ਵਾਅਦੇ ਲਗਾਤਾਰ ਕਰ ਰਹੇ ਸਨ....



ਸ਼੍ਰੀ ਚਮਕੌਰ ਸਾਹਿਬ 6 ਅਪ੍ਰੈਲ (ਅੰਮ੍ਰਿਤ ) ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਦੇ ਬੈਨਰ ਹੇਠ ਪਾਵਰਕੌਮ ਅਤੇ ਜਲ ਸਪਲਾਈ ਕਾਮਿਆਂ ਨੇ ਮੁੱਖ ਮੰਤਰੀ ਨੂੰ ਚਮਕੌਰ ਸਾਹਿਬ ਪੁੱਜਣ ਉੱਤੇ ਕਾਲੇ ਝੰਡਿਆਂ ਨਾਲ ਰੋਸ਼ ਪ੍ਰਦਰਸ਼ਨ ਕੀਤਾ।ਪ੍ਰੈਸ ਨੂੰ ਬਿਆਨ ਜਾਰੀ ਕਰਦਿਆਂ ਸੂਬਾ ਆਗੂ ਬਲਿਹਾਰ ਸਿੰਘ ਸਰਕਲ ਆਗੂ ਇੰਦਰਪਾਲ ਸਿੰਘ ਜੰਗ ਸਿੰਘ ਅਜੇ ਕੁਮਾਰ ਕਪਿਲ ਮਹੀਦਵਿਲ ਮਨਜਿੰਦਰ ਸਿੰਘ ਨੇ ਦੱਸਿਆ ਕਿ ਪੰਜਾਬ ਦੇ ਮੁੱਖ ਮੰਤਰੀ ਸ਼੍ਰੀ ਭਗਵੰਤ ਮਾਨ ਚੋਣਾਂ ਤੋਂ ਪਹਿਲਾਂ ਸਮੂਹ ਆਊਟਸੋਰਸਡ ਇੰਗਲਿਸ਼ਟਮੈਂਟ ਠੇਕਾ ਕਾਮਿਆਂ ਨੂੰ ਪੱਕਾ ਕਰਨ ਦੇ ਦਾਅਵੇ ਵਾਅਦੇ ਲਗਾਤਾਰ ਕਰ ਰਹੇ ਸਨ। ਪਰ ਪੰਜਾਬ ਦੇ ਮੁੱਖ ਮੰਤਰੀ ਦੇ ਦਾਅਵਿਆਂ ਦੀ ਫੂਕ ਨਿਕਲਦੀ ਨਜ਼ਰ ਆ ਰਹੀ ਹੈ ਕਿਉਂਕਿ ਪੰਜਾਬ ਦੇ ਮੁੱਖ ਮੰਤਰੀ ਸ਼੍ਰੀ ਭਗਵੰਤ ਮਾਨ ਲਗਾਤਾਰ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਨੂੰ 21 ਵਾਰੀ ਲਿਖਤੀ ਮੀਟਿੰਗਾਂ ਦੇ ਕੇ ਇੱਕ ਵੀ ਵਾਰ ਮੀਟਿੰਗ ਵਿੱਚ ਨਹੀਂ ਬੈਠੇ ਅਤੇ ਨਾ ਹੀ ਠੇਕਾ ਕਾਮਿਆਂ ਨੂੰ ਪੱਕੇ ਕਰਨ ਦਾ ਕੋਈ ਕਾਨੂੰਨ ਬਣਾਇਆ ਗਿਆ ਜਿਸ ਦੇ ਕਾਰਨ ਠੇਕਾ ਕਾਮਿਆਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਅੱਜ ਮੁੱਖ ਮੰਤਰੀ ਦਾ ਪਤਾ ਲੱਗਣ ਤੇ ਚਮਕੌਰ ਸਾਹਿਬ ਵਿਖੇ ਠੇਕਾ ਕਾਮਿਆਂ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਪੁੱਜਣ ਤੇ ਵਿਰੋਧ ਪ੍ਰਦਰਸ਼ਨ ਕੀਤਾ ।ਜਦੋਂ ਤੱਕ ਠੇਕਾ ਕਾਮਿਆਂ ਨੂੰ ਰੈਗੂਲਰ ਨਹੀਂ ਕੀਤਾ ਜਾਂਦਾ ਉਦੋਂ ਤੱਕ ਲਗਾਤਾਰ ਸੰਘਰਸ਼ ਜਾਰੀ ਰੱਖਣ ਦਾ ਐਲਾਨ ਕੀਤਾ ਗਿਆ।ਜਿੱਥੇ ਵੀ ਆਮ ਆਦਮੀ ਪਾਰਟੀ ਦੇ ਮੁੱਖ ਮੰਤਰੀ ਸ਼੍ਰੀ ਭਗਵੰਤ ਮਾਨ ਸਮੇਤ ਕੈਬਨਟ ਮੰਤਰੀ ਜਾਣਗੇ ਉੱਥੇ ਕਾਲੇ ਝੰਡਿਆਂ ਨਾਲ ਵਿਰੋਧ ਪ੍ਰਦਰਸ਼ਨ ਕੀਤੇ ਜਾਣਗੇ।

### ਪਿੰਡ ਦੰਦਰਾਲਾ ਢੀਂਡਸਾ ਵਿਖੇ ਵਿਧਾਇਕ ਦੇਵਮਾਨ ਦੀ ਅਗਵਾਈ ’ਚ

# 20 ਪਰਿਵਾਰ ਕਾਂਗਰਸ ਅਤੇ ਅਕਾਲੀ ਦਲ ਛੱਡ ਕੇ ਆਮ ਆਦਮੀ ਪਾਰਟੀ ’ਚ ਸ਼ਾਮਿਲ



ਨਾਭਾ 6 ਅਪ੍ਰੈਲ (ਗੁਰਬਖਸ਼ ਸਿੰਘ ਸੰਧੂ ) ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਵਿੱਚ ਲਗਾਤਾਰ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ ਜਿਸ ਨੂੰ ਦੇਖਦੇ ਹੋਏ ਪੰਜਾਬ ਦੇ ਲੋਕ ਵੱਡੀ ਗਿਣਤੀ ਵਿੱਚ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋ ਰਹੇ ਹਨ ਇਸ ਤਹਿਤ ਹਲਕਾ ਨਾਭਾ ਦੇ ਪਿੰਡ ਦੰਦਰਾਲਾ ਢੀਂਡਸਾ ਵਿਖੇ 20 ਪਰਿਵਾਰ ਕਾਂਗਰਸ ਅਤੇ ਅਕਾਲੀ ਦਲ ਛੱਡ ਕੇ ਗੁਰਦੇਵ ਸਿੰਘ ਦੇਵ ਮਾਨ ਐਮ ਐਲ ਏ ਨਾਭਾ ਦੀ ਅਗਵਾਈ ਵਿੱਚ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋ ਗਏ ਹਨ ਵਿਧਾਇਕ ਦੇਵ ਮਨ ਵੱਲੋਂ ਸਾਰੇ ਪਰਿਵਾਰਾਂ ਨੂੰ ਆਮ ਆਦਮੀ ਪਾਰਟੀ ਵਿੱਚ ਜੀ ਆਇਆਂ ਨੂੰ ਕਿਹਾ ਗਿਆ ਅਤੇ ਉਹਨਾਂ ਨੂੰ ਬਣਦਾ ਮਾਨ ਸਨਮਾਨ ਦੇਣ ਦਾ ਭਰੋਸਾ ਦਿੱਤਾ ਗਿਆ ਇਸ ਮੌਕੇ ਗੁਰਦਰਸਨ ਸਿੰਘ ਸਰਪੰਚ ਨੇ ਕਿਹਾ ਕਿ ਹਲਕਾ ਨਾਭਾ ਦੇ ਵਿਧਾਇਕ ਦੇਵ ਮਾਨ ਵੱਲੋਂ ਨਾਭਾ ਹਲਕੇ ਵਿੱਚ ਵੱਡੇ ਪੱਧਰ ਤੇ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ ਜਿਸ ਨੂੰ ਦੇਖਦੇ ਹੋਏ ਅੱਜ ਅਸੀ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਏ ਹਾਂ ਅੱਜ ਸ਼ਾਮਿਲ ਹੋਣ ਵਾਲਿਆਂ ਵਿੱਚ ਗੁਰਦਰਸ਼ਨ ਸਿੰਘ ਸਰਪੰਚ, ਰਾਜਵਿੰਦਰ ਸਿੰਘ , ਲਖਵੀਰ ਸਿੰਘ , ਕੇਵਲ ਸਿੰਘ , ਹਰਪ੍ਰੀਤ ਸਿੰਘ , ਜਗਦੇਵ ਖਾਨ , ਕਰਮਜੀਤ ਸਿੰਘ , ਸਿੰਦਰ ਸਿੰਘ , ਭਗਵਾਨ ਸਿੰਘ , ਰਸ਼ਪਾਲ ਸਿੰਘ ,ਧਰਮਪਾਲ ਸਿੰਘ , ਹਰਵਿੰਦਰ ਸਿੰਘ , ਜਗਨਦੀਪ ਸਿੰਘ , ਬਲਵੀਰ ਸਿੰਘ ,ਹਰਬੰਸ ਸਿੰਘ , ਕੌਰ ਚੰਦ ਅਤੇ ਗੁਰਦੀਪ ਸਿੰਘ ਸ਼ਾਮਿਲ ਸਨ ਇਸ ਮੌਕੇ ਉਨ੍ਹਾਂ ਦੇ ਨਾਲ ਤਜਿੰਦਰ ਸਿੰਘ ਖਹਿਰਾ ,ਜਗਰੂਪ ਸਿੰਘ , ਧਰਮਿੰਦਰ ਸਿੰਘ ਸੁੱਖੇਵਾਲ , ਭੁਪਿੰਦਰ ਸਿੰਘ ਕਲੱਰ ਮਾਜਰੀ , ਗੁਰਮੁੱਖ ਸਿੰਘ ਮੋਹਲਗੁਆਰਾ ,ਕਰਮਾ ਟੋਪਰ ,ਪੱਪੀ ਬਿਰਧਨੋ , ਗੁਰਦੀਪ ਸਿੰਘ ਰਣਜੀਤਗੜ੍ਹ ,ਟੋਨਾ ਮੂੰਗੋ , ਜਸਵੀਰ ਸਿੰਘ ਵਜੀਦਪੁਰ , ਸੋਨੂੰ ਨਾਭਾ ਅਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਮੋਜੂਦ ਸਨ।

# ਰੋਟਰੀ ਕਲੱਬ ਪਟਿਆਲਾ ਮਿਡ ਟਾਊਨ ਵੱਲੋਂ ਕੀਤੀ ਮਹਿਲਾ ਵੋਟਰ ਅਤੇ ਨੌਜਵਾਨ ਵੋਟਰ ਜਾਗਰੂਕਤਾ ਮੁਹਿੰਮ



ਨਾਭਾ, ਪਟਿਆਲਾ,6 ਅਪ੍ਰੈਲ ( ਗੁਰਬਖਸ਼ ਸਿੰਘ ਸੰਧੂ)- ਅੱਜ ਪਟਿਆਲਾ ਦਿਹਾਤੀ ਦੇ ਸਵੀਪ ਨੋਡਲ ਅਫਸਰ ਨਰਿੰਦਰ ਸਿੰਘ ਢੀਂਡਸਾ ਨੇ ਰੋਟਰੀ ਕਲੱਬ ਪਟਿਆਲਾ ਮਿਡ ਟਾਊਨ ਨਾਲ ਤਾਲਮੇਲ ਕਰਕੇ ਮਹਿਲਾ ਵੋਟਰ ਜਾਗਰੂਕਤਾ ਅਤੇ ਨੌਜਵਾਨ ਵੋਟਰ ਜਾਗਰੂਕਤ ਲਈ ਇਕ ਪ੍ਰੋਗਰਾਮ ਰਖਵਾਇਆ।ਇਸ ਪ੍ਰੋਗਰਾਮ ਵਿੱਚ ਨੇੜਲੇ ਇਲਾਕਿਆਂ ਤੋਂ ਮਹਿਲਾ ਵੋਟਰਾਂ ਅਤੇ ਨੌਜਵਾਨ ਵੋਟਰਾਂ ਦਾ ਇੱਕ ਇਕੱਠ ਕੀਤਾ। ਇਸ ਵਿੱਚ ਡਾ. ਹਰਜਿੰਦਰ ਸਿੰਘ ਬੇਦੀ , ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਪਟਿਆਲਾ ਨੇ ਮੁੱਖ ਮਹਿਮਾਨ ਵੱਜੋਂ ਸਿਰਕਤ ਕੀਤੀ। ਇਸ ਪ੍ਰੋਗਰਾਮ ਵਿੱਚ ਕਲੱਬ ਦੇ ਪ੍ਰਧਾਨ ਅਸੋਕ ਰੌਣੀ, ਸਕੱਤਰ ਨਰਿੰਦਰ ਸਿੰਘ ਢੀਂਡਸਾ ਅਤੇ ਰਵਿੰਦਰ ਸਿੰਘ ਹੁੰਦਲ, ਪ੍ਰਿੰਸੀਪਲ, ਸਰਕਾਰੀ ਬਹੁਤਕਨੀਕੀ ਕਾਲਜ, ਪਟਿਆਲਾ ਵੀ ਹਾਜਰ ਸਨ। ਇਸ ਇੱਕਠ ਵਿੱਚ ਗੁਰੂ ਨਾਨਕ ਨਗਰ, ਗੁਰਬਖ਼ਸ਼ ਕਲੋਨੀ, ਜੁਝਾਰ ਨਗਰ, ਐਸ.ਐਸ.ਟੀ ਨਗਰ ਅਤੇ ਅਰਬਨ ਅਸਟੇਟ ਤੋਂ 100 ਤੋਂ ਵੱਧ ਮਹਿਲਾ ਵੋਟਰ ਅਤੇ ਨੌਜਵਾਨ ਵੋਟਰ ਇੱਕਤਰਤ ਸਨ। ਇਨ੍ਹਾਂ ਵੋਟਰਾਂ ਨੂੰ ਸੰਬੋਧਨ ਕਰਦੇ ਹੋਏ ਮੁੱਖ ਮਹਿਮਾਨ ਨੇ ਅਪੀਲ ਕੀਤੀ ਕਿ ਹਰ ਇੱਕ ਨਾਗਰਿਕ ਆਪਣੀ ਜਿੰਮੇਵਾਰੀ ਸਮਝ ਕੇ 1 ਜੂਨ ਨੂੰ ਵੋਟ ਪਾਉਣ ਜਰੂਰ ਆਵੇ। ਇਸ ਨਾਲ ਲੋਕਤੰਤਰ ਮਜਬੂਤ ਹੁੰਦਾ ਹੈ। ਉਨ੍ਹਾਂ ਕਿਹਾ ਕਿ ਆਪਣੇ ਪਰਿਵਾਰ, ਆਪਣੇ ਮੁਹੱਲਿਆਂ ਦੇ ਵਿੱਚ ਆਪ ਅਪੀਲ ਕਰੋ ਕਿ ਉਸ ਦਿਨ ਕੋਈ ਵੀ ਵੋਟਰ ਵੋਟ ਪਾਉਣ ਤੋਂ ਗੁਰੇਜ ਨਾ ਕਰੇ। ਉਨ੍ਹਾਂ ਨੇ ਚੋਣ ਕਮਿਸ਼ਨ ਵੱਲੋਂ ਵੱਖ-ਵੱਖ ਉਪਰਾਲਿਆਂ ਬਾਰੇ ਚਾਨਣ ਪਾਉਂਦੇ ਹੋਏ ਦੱਸਿਆ ਕਿ 85 ਸਾਲ ਤੋਂ ਉੱਪਰ ਦੇ ਵੋਟਰ ਨੂੰ ਘਰ ਬੈਠੇ ਵੋਟ ਪਾਉਣ ਦੀ ਸੁਵਿਧਾ ਹੈ ਅਤੇ 40 ਪ੍ਰਤੀਸ਼ਤ ਤੋਂ ਵੱਧ ਦਿਵਿਆਂਗ ਵੋਟਰ ਦੀ ਵੋਟ ਵੀ ਘਰ ਬੈਠੇ ਹੀ ਪਾਈ ਜਾ ਸਕਦੀ ਹੈ। ਇਸ ਤੋਂ ਇਲਾਵਾ ਉਨ੍ਹਾਂ ਨੇ ਪੀ.ਡਬਲਯੂ.ਡੀ. ਵੋਟਰਾਂ ਨੂੰ ਸ਼ਕਸਮ ਐਪ ਤੇ ਨਾਮਜ਼ਦ ਹੋਣ ਦੀ ਅਪੀਲ ਕੀਤੀ। ਉਨ੍ਹਾਂ ਨੇ cVIGIL, KYC, Voter Helpline ਐਪ ਬਾਰੇ ਵੀ ਦੱਸਿਆ। ਉਨ੍ਹਾ ਨੇ ਅਪੀਲ ਕੀਤੀ ਕਿ ਇਸ ਬਾਰ ਪਟਿਆਲਾ ਜਿਲ੍ਹੇ ਵਿੱਚ 70 ਪ੍ਰਤੀਸ਼ਤ ਤੋਂ ਵੱਧ ਮਤਦਾਨ ਕਰਨਾ ਹੈ। ਇਸ ਜਿੰਮੇਵਾਰੀ ਵਿੱਚ ਹਰ ਨਾਗਰਿਕ ਦੀ ਭਾਗੇਦਾਰੀ ਹੋਣੀ ਜਰੂਰੀ ਹੈ। ਇਸ ਮੌਕੇ ਤੇ ਰੋਟਰੀ ਕਲੱਬ ਪਟਿਆਲਾ ਮਿਡ ਟਾਊਨ ਦੇ ਪ੍ਰਧਾਨ ਅਸੋਕ ਰੌਣੀ ਨੇ ਮੁੱਖ ਮਹਿਮਾਨ ਅਤੇ ਸਾਰਿਆਂ ਦਾ ਰੋਟਰੀ ਭਵਨ ਵਿੱਚ ਆਉਣ ਤੇ ਸਵਾਗਤ ਕੀਤਾ। ਇਸ ਮੌਕੇ ਤੇ ਸਰਕਾਰੀ ਬਹੁਤਕਨੀਕੀ ਕਾਲਜ ਦੇ ਪ੍ਰਿੰਸੀਪਲ ਰਵਿੰਦਰ ਸਿੰਘ ਹੁੰਦਲ ਨੇ ਕਿਹਾ ਕਿ ਉਨ੍ਹਾਂ ਦੀ ਸੰਸਥਾ ਵੀ ਵੋਟਰ ਜਾਗਰੂਕਤਾ ਲਈ ਵੱਚਨਵੱਧ ਹੈ ਅਤੇ ਪਿਛਲੇ ਸਮੇਂ ਵਿੱਚ ਉਨ੍ਹਾਂ ਨੇ ਵਿਦਿਆਰਥਣਾਂ ਦੀ ਵੋਟਰ ਜਾਗਰੂਕਤਾ ਦੀ ਇੱਕ ਰੈਲੀ ਕੱਢੀ। ਸੰਸਥਾ ਦੀ ਦੀਵਾਰ ਤੇ ਵੋਟ ਪਾਉਣ ਦਾ ਸੁਨੇਹਾ ਵੀ ਪੈਂਟ ਕਰਵਾਇਆ ਗਿਆ ਹੈ। ਉਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਦੇ ਸੰਸਥਾ ਦੇ ਵਿਦਿਆਰਥੀ ਜੋ ਕਿ 18 ਸਾਲ ਤੋਂ ਉੱਪਰ ਹਨ ਦੀ ਵੋਟ ਬਣਵਾ ਚੁੱਕੇ ਹਨ। ਪ੍ਰੋਗਰਾਮ ਦੇ ਅਖੀਰ ਵਿੱਚ ਸਭ ਨੇ ਪ੍ਰਣ ਲਿਆ ਕਿ ਉਹ ਲੋਕਤੰਤਰੀ ਪਰੰਪਰਾਵਾਂ ਕਾਇਮ ਰੱਖਣਗੇ ਅਤੇ ਸੁਤੰਤਰ, ਨਿਰਪੱਖ ਅਤੇ ਸਾਂਤੀ ਮਈ ਚੋਣਾਂ ਦੇ ਮਾਣ ਬਰਕਰਾਰ ਰੱਖਦੇ ਹੋਏ ਨਿਡਰ ਹੋ ਕੇ ਧਰਮ, ਵਰਗ, ਜਾਤੀ, ਭਾਈਚਾਰੇ, ਭਾਸਾ ਜਾਂ ਹੋਰ ਕਿਸੇ ਪ੍ਰਭਾਵ ਤੋਂ ਬਿਨ੍ਹਾਂ ਜਾਂ ਲਾਲਚ ਤੋਂ ਬਿਨ੍ਹਾਂ ਸਾਰੀਆਂ ਚੋਣਾਂ ਵਿੱਚ ਆਪਣਾ ਵੋਟ ਜਰੂਰ ਪਾਉਣਗੇ।ਇਸ ਮੌਕੇ ਤੇ ਰੋਟਰੀ ਕਲੱਬ ਪਟਿਆਲਾ ਮਿਡ ਟਾਊਨ ਦੇ ਸਾਬਕਾ ਪ੍ਰਧਾਨ ਭਗਵਾਨ ਦਾਸ ਗੁਪਤਾ, ਰਾਜੀਵ ਗੋਇਲ, ਐਨ ਕੇ ਜੈਨ, ਹਨੀਸ ਗੋਇਲ, ਇੰਦਰਜੀਤ ਸਿੰਘ ਗਿੱਲ, ਹਰਬੰਸ ਸਿੰਘ ਕੁਲਾਰ ਅਤੇ ਤਰਸੇਮ ਬਾਂਸਲ ਆਦਿ ਹਾਜਰ ਸਨ। ਇਸ ਮੌਕੇ ਤੇ ਪਟਿਆਲਾ ਦਿਹਾਤੀ ਦੇ ਸੈਕਟਰ ਅਫਸਰ ਕੰਵਲਪ੍ਰੀਤ ਸਿੰਘ ਭੁੱਲਰ ਅਤੇ ਨੇੜਲੇ ਏਰੀਏ ਦੇ ਸਾਰੇ ਬੀ.ਐਲ.ਓ. ਵੀ ਹਾਜਰ ਸਨ।

# ਸਟਿੰਗ ਆਪ੍ਰੇਸ਼ਨ

e-mail : stingnews24@gmail.com
www.stingoperation.us

ਜਲੰਧਰ । ਐਤਵਾਰ, 7 ਅਪ੍ਰੈਲ 2024








## ਇੱਕ ਨਜ਼ਰ



## तलवाड़ा पुलिस ने चोरी के गहनों समेत एक व्यक्ति को किया गिरफ्तार,मामला दर्ज

मुकेरियां, 6 अप्रैल (इंद्रजीत वारिक्य): जानकारी देते हुए डीएसपी दसूहा जगदीश राज ने बताया कि बीते दिन तलवाड़ा के गांव में नमोली में अज्ञात चोरों ने घर में घुस कर गहने और कीमती सामान चोरी कर लिया था जिस पर कार्यवाही करते हुए पीड़िता मलकीत कौर पत्नी ओंकार सिंह के बयानों के आधार पर अज्ञात चोरों के खिलाफ़ मामला दर्ज किया गया था थाना प्रभारी तलवाड़ा हरजिंदर सिंह ने बताया एस.एस.पी होशियारपुर सुरेंद्र लाम्बा जी के निर्देशानुसार पुलिस ने अपनी कार्यवाही को आगे बढ़ाते हुए आज मलकीत कौर के घर में चोरी करने वाले आरोपी विजय कुमार पुत्र धर्म सिंह को 8 तोले सोने वं 38 तोले चांदी सहित काबू करके आई.पी.सी की धारा 380 वं 457 के तहत अगली कार्यवाही शुरू कर दी है थाना प्रभारी हरजिंदर सिंह ने बताया की आरोपी से एक सोने का हार, 2 सोने की अंगूठियां , एक सोने की चैन, सोने की बालियां, चांदी का ब्रैसलैट, चांदी की चैन, चांदी की झांजर, चांदी का लेडीज हार, चांदी की अंगूठियां, बरामद की है।

## ਸ਼੍ਰੋਮਣੀ ਅਕਾਲੀ ਦਲ ਦੀ 'ਪੰਜਾਬ ਬਚਾਓ ਯਾਤਰਾ ' ਦੇ ਸਵਾਗਤ ਲਈ ਮਾਛੀਵਾੜਾ ਸਾਹਿਬ ਦੇ ਲੋਕਾਂ 'ਚ ਭਾਰੀ ਉਤਸ਼ਾਹ



ਮਾਛੀਵਾੜਾ ਸਾਹਿਬ 6 ਅਪ੍ਰੈਲ ( ਪੱਤਰ ਪ੍ਰੇਰਕ ) ਅੱਜ ਇੱਥੇ ਸ਼੍ਰੋਮਣੀ ਅਕਾਲੀ ਦਲ ਮਾਛੀਵਾੜਾ ਸਾਹਿਬ ਦੇ ਸ਼ਹਿਰੀ ਪ੍ਰਧਾਨ ਜਸਪਾਲ ਸਿੰਘ ਜੱਜ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਸੂਬੇ ਅੰਦਰ ਸ਼ੁਰੂ ਕੀਤੀ " ਪੰਜਾਬ ਬਚਾਓ ਯਾਤਰਾ " 8 ਅਪ੍ਰੈਲ ਨੂੰ ਵਿਧਾਨ ਸਭਾ ਹਲਕਾ ਸਮਰਾਲਾ ਪੁੱਜ ਰਹੀ ਹੈ ਜਿਸ ਦੇ ਸਵਾਗਤ ਲਈ ਸਮਰਾਲਾ ਤੇ ਮਾਛੀਵਾੜਾ ਸਾਹਿਬ ਦੇ ਲੋਕਾਂ ਵਿਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ । ਉਨ੍ਹਾਂ ਦੱਸਿਆ ਕਿ ਅੱਠ ਅਪ੍ਰੈਲ ਨੂੰ ਦੁਪਹਿਰੇ ਢਾਈ ਵੱਜੇ 'ਪੰਜਾਬ ਬਚਾਓ ਯਾਤਰਾ' ਸਮਰਾਲੇ ਇਲਾਕੇ ਵਿੱਚ ਪੁੱਜੇਗੀ ਜੋ ਸਮਰਾਲਾ ਦੇ ਬਜਾਰ ਵਿੱਚ ਦੀ ਹੁੰਦੀ ਹੋਈ ਮੇਨ ਚੌਂਕ ਸਮਰਾਲਾ, ਬਾਲਿਓ , ਗੜੀ ਤਰਖਾਣਾਂ ਨਹਿਰ ਪੁਲ ਤੋਂ ਭਾਈ ਗਨੀ ਖਾਨ ਨਵੀ ਖਾਨ ਗੇਟ, ਦੁਸਹਿਰਾ ਗਰਾਊਂਡ ਤੇ ਚਰਨ ਕੰਵਲ ਚੌਂਕ ਹੁੰਦੀ ਹੋਈ ਗੁਰਦੁਆਰਾ ਸ਼੍ਰੀ ਚਰਨ ਕੰਵਲ ਸਾਹਿਬ ਜਾ ਕੇ ਸਮਾਪਤ ਹੋਵੇਗੀ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ ਦੇ ਜਰਨਲ ਸਕੱਤਰ ਤੇ ਹਲਕਾ ਸਮਰਾਲਾ ਦੇ ਇੰਚਾਰਜ ਪਰਮਜੀਤ ਸਿੰਘ ਢਿੱਲੋਂ ਦੀ ਅਗਵਾਈ ਵਿੱਚ "ਪੰਜਾਬ ਬਚਾਓ ਯਾਤਰਾ" ਦਾ ਥਾਂ ਥਾਂ ਪਾਰਟੀ ਵਰਕਰ ਤੇ ਇਲਾਕੇ ਦੀਆਂ ਸੰਗਤਾਂ ਜੋਸੋ ਖਰੋਸ਼ ਨਾਲ ਸਵਾਗਤ ਕਰਨਗੀਆਂ। ਇਸ ਮੌਕੇ ਜੱਥੇਦਾਰ ਕੇਵਲ ਸਿੰਘ ਕੱਦੋਂ , ਜੱਥੇਦਾਰ ਮਹਾਂਬੀਰ ਸਿੰਘ ਤੇ ਪ੍ਰੀਤਮ ਸਿੰਘ ਵੀ ਹਾਜ਼ਰ ਸਨ।


**STING OPERATION**
(Newspaper & Web Channel)

के लिए समूह भारत में जिला इंचार्ज, पत्रकारों एवं विज्ञापन एजैंट्स की जरूरत है।

सम्पर्क करें
90416-59160
stingnews24@gmail.com


### ਲੋਕ ਸਭਾ ਚੋਣਾਂ ਨੂੰ ਮੁੱਖ ਰੱਖਦਿਆਂ ਹੋਇਆ ਏ.ਸੀ.ਪੀ. ਵੈਸਟ ਸੁਖਪਾਲ ਸਿੰਘ ਅਤੇ ਥਾਣਾ ਛੇਹਰਟਾ ਦੇ ਐੱਸ. ਐਚ. ਓ. ਇੰਸਪੈਕਟਰ ਕਪਿਲ ਕੌਸ਼ਲ ਵੱਲੋਂ ਪੈਰਾਮਿਲਟਰੀ ਫੋਰਸ ਦੇ ਨਾਲ

## ਛੇਹਰਟਾ ਦੇ ਇਲਾਕਾ ਘਨੂੰਪੁਰ ਕਾਲੇ ਦੇ 'ਚ ਚਲਾਇਆ ਗਿਆ ਸਰਚ ਅਭਿਆਨ











ਅੰਮ੍ਰਿਤਸਰ 6ਅਪ੍ਰੈਲ (ਹਰਪਾਲ ਸਿੰਘ ਭੰਗੂ)ਲੋਕ ਸਭਾ ਚੋਣਾਂ ਨੂੰ ਮੁੱਖ ਰੱਖਦਿਆਂ ਹੋਇਆਂ ਮਾਨਯੋਗ ਪੁਲਿਸ ਕਮਿਸ਼ਨਰ ਸ੍ਰੀ ਗੁਰਪ੍ਰੀਤ ਸਿੰਘ ਭੁੱਲਰ ਜੀ ਦੇ ਹੁਕਮਾਂ ਅਨੁਸਾਰ ਏਡੀਸੀਪੀ ਸਿਟੀ -2 ਸ੍ਰੀ ਪ੍ਰਭਜੋਤ ਸਿੰਘ ਵਿਰਕ ਜੀ ਦੀ ਅਗਵਾਈ ਹੇਠ ਏਸੀਪੀ ਵੈਸਟ ਸ੍ਰੀ ਸੁਖਪਾਲ ਸਿੰਘ ਅਤੇ ਥਾਣਾ ਛੇਹਰਟਾ ਦੇ ਐੱਸ ਐਚ ਓ ਇੰਸਪੈਕਟਰ ਕਪਿਲ ਕੌਸ਼ਲ ਤੇ ਚੌਂਕੀ ਘਨੂੰਪੁਰ ਕਾਲੇ ਦੇ ਇੰਚਾਰਜ ਏ ਐਸ ਆਈ ਹਰਜਿੰਦਰ ਸਿੰਘ ਵੱਲੋਂ ਛੇਹਰਟਾ ਦੇ ਇਲਾਕੇ ਘਨਪੁਰ ਕਾਲੇ ਵਿੱਚ ਆਪਣੀ ਪੂਰੀ ਟੀਮ ਨੂੰ ਨਾਲ ਲੈ ਕੇ ਸਰਚ ਅਭਿਆਨ ਚਲਾਇਆ ਗਿਆ। ਇਸ ਦੌਰਾਨ ਸ਼ੱਕੀ ਵਿਅਕਤੀਆਂ ਦੇ ਘਰਾਂ ਦੀ ਤਲਾਸ਼ੀ ਲਈ ਗਈ। ਇਸ ਦੌਰਾਨ ਬੇਸ਼ੱਕ ਕੋਈ ਬਰਾਮਦਗੀ ਨਹੀਂ ਹੋਈ ਪਰ ਏਸੀਪੀ ਵੈਸਟ ਸ੍ਰੀ ਸੁਖਪਾਲ ਸਿੰਘ ਅਤੇ ਥਾਣਾ ਛੇਹਰਟਾ ਦੇ ਐੱਸ ਐਚ ਓ ਕਪਿਲ ਕੌਸ਼ਲ ਵੱਲੋ ਸਟਿੰਗ ਆਪ੍ਰੇਸ਼ਨ ਅਖਬਾਰ ਦੀ ਟੀਮ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਹ ਸਰਚ ਅਭਿਆਨ ਲਗਾਤਾਰ ਜਾਰੀ ਰਹਿਣਗੇ ਤਾਂ ਜੋ ਚੋਣਾਂ ਦੌਰਾਨ ਕੋਈ ਵੀ ਗੜਬੜੀ ਸ਼ਹਿਰ ਦੇ ਵਿੱਚ ਨਾ ਫੈਲ ਸਕੇ। ਉਹਨਾਂ ਅੱਗੇ ਕਿਹਾ ਕਿ ਚੋਣਾਂ ਤੱਕ ਇਸੇ ਤਰ੍ਹਾਂ ਹੀ ਸਰਚ ਅਭਿਆਨ ਚਲਾਏ ਜਾਣਗੇ। ਅਤੇ ਇਲਾਕੇ ਦੇ ਅੰਦਰ ਗਲਤ ਅੰਸਰਾਂ ਨੂੰ ਕਿਸੇ ਵੀ ਕੀਮਤ ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਜੇ ਵੀ ਕੋਈ ਗਲਤ ਅਨਸਰ ਇਲਾਕੇ ਦੇ ਵਿੱਚ ਨਜ਼ਰ ਆਉਂਦਾ ਤਾਂ ਉਸ ਨੂੰ ਤੁਰੰਤ ਗਿਰਫਤਾਰ ਕੀਤਾ ਜਾਵੇਗਾ। ਉਹਨਾਂ ਇਲਾਕੇ ਦੇ ਲੋਕਾਂ ਤੋਂ ਸਹਿਯੋਗ ਦੀ ਮੰਗ ਕਰਦੇ ਹੋਏ ਕਿਹਾ ਕਿ ਜੇਕਰ ਤੁਹਾਨੂੰ ਇਲਾਕੇ ਦੇ ਵਿੱਚ ਕੋਈ ਸ਼ੱਕੀ ਵਿਅਕਤੀ ਨਜ਼ਰ ਆਉਂਦਾ ਹੈ ਤਾਂ ਉਸ ਦੀ ਜਾਣਕਾਰੀ ਤੁਰੰਤ ਸੰਬੰਧਿਤ ਪੁਲਿਸ ਚੌਂਕੀ ਜਾਂ ਥਾਣੇ ਵਿੱਚ ਦਿੱਤੀ ਜਾਵੇ ਤਾਂ ਜੋ ਸਮਾਂ ਰਹਿੰਦੇ ਉਸ ਗਲਤ ਅਨਸਰ ਨੂੰ ਕਾਬੂ ਕਰ ਲਿਆ ਜਾਵੇ ਤਾਂ ਜੋ ਸ਼ਹਿਰ ਦਾ ਮਾਹੌਲ ਖਰਾਬ ਨਾ ਹੋ ਸਕੇ। ਉਹਨਾਂ ਕਿਹਾ ਕਿ ਇਲਾਕੇ ਦੇ ਵਿੱਚ ਸਰਚ ਅਭਿਆਨਾ ਤੋਂ ਇਲਾਵਾ ਜਗ੍ਹਾ ਜਗ੍ਹਾ ਨਾਕਾਬੰਦੀ ਕਰਕੇ ਆਉਣ ਜਾਣ ਵਾਲੇ ਵਾਹਨਾਂ ਦੀ ਤਲਾਸ਼ੀ ਵੀ ਲਈ ਜਾ ਰਹੀ ਹੈ ਤਾਂ ਜੋ ਵਾਹਨਾਂ ਰਾਹੀਂ ਕੋਈ ਲੋਕ ਗਲਤ ਚੀਜ਼ ਲੈ ਕੇ ਸ਼ਹਿਰ ਦੇ ਅੰਦਰ ਜਾਂ ਹੋਰ ਕਿਸੇ ਹਿੱਸੇ ਵਿੱਚ ਦਾਖਲ ਨਾ ਹੋ ਜਾਣ। ਥਾਣਾ ਮੁਖੀ ਅਤੇ ਏਸੀਪੀ ਨੇ ਕਿਹਾ ਕਿ ਇਲਾਕੇ ਦੇ ਲੋਕ ਸਾਰੇ ਪੜੇ ਲਿਖੇ ਹਨ ਅਤੇ ਉਹਨਾਂ ਨੂੰ ਪਤਾ ਹੈ ਕਿ ਪੁਲਿਸ ਦਾ ਸਹਿਯੋਗ ਕਰਨਾ ਹੈ, ਇਸ ਕਰਕੇ ਉਹ ਲੋਕਾਂ ਦੇ ਕੋਲੋਂ ਮਦਦ ਦੀ ਪੂਰੀ ਆਸ ਰੱਖਦੇ ਹਨ। ਇਸ ਦੌਰਾਨ ਛੇਹਰਟਾ ਦੇ ਵੱਖ-ਵੱਖ ਇਲਾਕਿਆਂ ਵਿੱਚ ਵਿਸ਼ੇਸ਼ ਤੌਰ ਤੇ ਤਲਾਸ਼ੀ ਅਭਿਆਨ ਚਲਾਇਆ ਗਿਆ ਜਿਸ ਦੇ ਵਿੱਚ ਵੱਡੀ ਗਿਣਤੀ ਵਿੱਚ ਪੁਲਿਸ ਮੁਲਾਜ਼ਮਾਂ ਅਤੇ ਪੈਰਾਮਿਲਟਰੀ ਫੋਰਸ ਨੇ ਸਾਂਝੇ ਤੌਰ ਤੇ ਸਰਚ ਅਭਿਆਨ ਕੀਤਾ ਗਿਆ ਇਸ ਮੌਕੇ ਥਾਣਾ ਛੇਹਰਟਾ ਦੇ ਰੀਡਰ ਹੈੱਡ ਕਾਂਸਟੇਬਲ ਸਤਨਾਮ ਸਿੰਘ, ਏ ਐਸ ਆਈ ਸਰਬਜੀਤ ਸਿੰਘ, ਏਐਸਆਈ ਹੀਰਾ ਲਾਲ, ਏ ਐਸ ਆਈ ਤੇਜਬੀਰ ਸਿੰਘ,ਏਐਸਆਈ ਦਵਿੰਦਰ ਸਿੰਘ, ਏਐਸਆਈ ਪਰਮਜੀਤ ਸਿੰਘ, ਏਐਸਆਈ ਮੈਡਮ ਕਵਲਜੀਤ ਕੌਰ,ਤੋ ਇਲਾਵਾ ਥਾਣਾ ਛੇਹਰਟਾ ਅਤੇ ਪੁਲਿਸ ਚੌਂਕੀ ਘਨੂੰਪੁਰ ਕਾਲੇ ਦੇ ਸਮੂਹ ਮੁਲਾਜ਼ਮ ਆਦ ਹਾਜ਼ਰ ਸਨ.

## ਮਿਉਨਸੀਪਲ ਸਫਾਈ ਕਰਮਚਾਰੀ ਸੀਵਰਮੈਨ ਯੂਨੀਅਨ ਵੱਲੋਂ ਮਹਿਲਾ ਮੰਡਲ ਦਾ ਗਠਨ, ਅਨੀਤਾ ਦੇਵੀ ਪ੍ਰਧਾਨ ਨਿਯੁਕਤ



ਖੰਨਾ, 6 ਅਪ੍ਰੈਲ (ਓਮਕਾਰ ਸਿੰਘ ਸੱਤੂ)-ਅੱਜ ਮਿਉਨਸੀਪਲ ਸਫਾਈ ਕਰਮਚਾਰੀ ਸੀਵਰਮੈਨ ਯੂਨੀਅਨ ਵੱਲੋਂ ਮਹਿਲਾ ਮੰਡਲ ਦਾ ਨਿਰਮਾਣ ਕੀਤਾ ਗਿਆ ਕਿਉਂਕਿ ਪਿਛਲੇ ਕਈ ਸਮੇਂ ਵਿੱਚ ਮਹਿਲਾਵਾਂ ਨੂੰ ਬਹੁਤ ਸਮੱਸਿਆਵਾਂ ਆ ਰਹੀਆਂ ਸਨ ਉਹਨਾਂ ਦੱਸਿਆ ਕਿ ਮਹਿਲਾ ਮੰਡਲ ਬਣਾਉਣਾ ਬਹੁਤ ਜਰੂਰੀ ਸੀ ਇਸ ਲਈ ਅੱਜ ਚੇਅਰਮੈਨ ਰਣਜੀਵ ਕੁਮਾਰ ਜੀ ਦੀ ਅਗਵਾਈ ਅਤੇ ਹਰਪਾਲ ਸਿੰਘ ਪ੍ਰਧਾਨ ਜੀ ਦੀ ਅਗਵਾਈ ਵਿੱਚ ਅੱਜ ਮਹਿਲਾ ਮੰਡਲ ਦਾ ਨਿਰਮਾਣ ਕੀਤਾ ਗਿਆ ਜਿਸ ਵਿੱਚ ਸਰਬ ਸੰਮਤੀ ਦੇ ਨਾਲ ਮਹਿਲਾ ਮੰਡਲ ਦੇ ਪ੍ਰਧਾਨ ਅਨੀਤਾ ਦੇਵੀ ਅਤੇ ਮਹਿਲਾ ਵਿੰਗ ਦੇ ਚੇਅਰਮੈਨ ਮਿੰਨੀ ਖੰਨਾ ਨੂੰ ਬਣਾਇਆ ਗਿਆ ਅਤੇ ਵਿਸ਼ੇਸ਼ ਤੌਰ ਤੇ ਪਹੁੰਚੇ ਮੈਡਮ ਪਰਮਜੀਤ ਕੌਰ ਜੀ ਨੂੰ ਚੀਫ ਐਡਵਾਈਜ਼ਰ ਬਣਾਇਆ ਗਿਆ ਉਹਨਾਂ ਦੇ ਨਾਲ ਨਾਲ ਰਾਣੋ ਦੇਵੀ ਨੂੰ ਵਾਈਸ ਚੇਅਰਮੈਨ ਮਹਿਲਾ ਵਿੰਗ ਰਾਣੀ ਦੇਵੀ ਨੂੰ ਵਾਈਸ ਪ੍ਰਧਾਨ ਮਹਿਲਾ ਵਿੰਗ ਕਮਲੇਸ਼ ਰਾਣੀ ਨੂੰ ਜਨਰਲ ਸੈਕਟਰੀ ਆਸ਼ਾ ਰਾਣੀ ਅਤੇ ਮਮਤਾ ਰਾਣੀ ਨੂੰ ਸੈਕਟਰੀ ਨਿਯੁਕਤ ਕੀਤਾ ਗਿਆ ਇਸ ਮੌਕੇ ਤੇ ਚੇਅਰਮੈਨ ਰਣਜੀਵ ਕੁਮਾਰ ਜੀ ਨੇ ਦੱਸਦੇ ਹੋਏ ਕਿਹਾ ਕਿ ਮਹਿਲਾਵਾਂ ਨੂੰ ਬੜੀਆਂ ਸਮੱਸਿਆਵਾਂ ਆ ਰਹੀਆਂ ਸਨ ਇਸ ਲਈ ਮਹਿਲਾ ਮੰਡਲ ਬਣਾਉਣਾ ਬਹੁਤ ਜਰੂਰੀ ਸੀ ਇਸ ਲਈ ਅੱਜ ਪ੍ਰਧਾਨ ਹਰਪਾਲ ਜੀ ਦੀ ਪ੍ਰਧਾਨਗੀ ਵਿੱਚ ਚੇਅਰਮੈਨ ਰਣਜੀਵ ਕੁਮਾਰ ਜੀ ਦੀ ਅਗਵਾਈ ਵਿੱਚ ਇਹਨਾਂ ਮਹਿਲਾ ਮੰਡਲ ਦੀ ਨਵ ਨਿਯੁਕਤ ਟੀਮ ਦਾ ਪੂਰੀ ਯੂਨੀਅਨ ਵੱਲੋਂ ਪੂਰਾ ਸਾਥ ਦਿੱਤਾ ਜਾਵੇਗਾ ਤੇ ਯੂਨੀਅਨ ਇਹਨਾਂ ਨਾਲ ਹਮੇਸ਼ਾ ਹੀ ਬਰਾਬਰ ਖੜੀ ਹੈ ਤੇ ਖੜੀ ਰਵੇਗੀ ਇਸ ਮੌਕੇ ਤੇ ਸੀਵਰਮੈਨ ਯੂਨੀਅਨ ਦੇ ਪ੍ਰਧਾਨ ਮੇਨ ਪਾਲ ਬਿਕਰਮ ਸਿੰਘ ਕੈਸ਼ਵ ਨੰਬਰਦਾਰ ਰਕੇਸ਼ ਕੁਮਾਰ ਨੰਬਰਦਾਰ ਰਜਨੀਸ਼ ਮੱਟੂ ਧਰਮਿੰਦਰ ਟੀਕਾ ਰਾਜਕੁਮਾਰ ਪੱਪੀ ਲਖਨ ਅਟਵਾਲ ਅਤੇ ਹੋਰ ਵੀ ਭੈਣਾਂ ਤੇ ਭਰਾ ਵੱਡੀ ਗਿਣਤੀ ਵਿੱਚ ਮੌਜੂਦ ਸੀ ਵਿਸ਼ੇਸ਼ ਤੌਰ ਤੇ ਪਹੁੰਚੇ ਮੈਡਮ ਪਰਮਜੀਤ ਕੌਰ ਜੀ ਨੂੰ ਚੀਫ ਐਡਵਾਈਜ਼ਰ ਬਣਾਇਆ ਗਿਆ ਉਹਨਾਂ ਦੇ ਨਾਲ ਨਾਲ ਰਾਣੋ ਦੇਵੀ ਨੂੰ ਵਾਈਸ ਚੇਅਰਮੈਨ ਮਹਿਲਾ ਵਿੰਗ ਰਾਣੀ ਦੇਵੀ ਨੂੰ ਵਾਈਸ ਪ੍ਰਧਾਨ ਮਹਿਲਾ ਵਿੰਗ ਕਮਲੇਸ਼ ਰਾਣੀ ਨੂੰ ਜਨਰਲ ਸੈਕਟਰੀ ਆਸ਼ਾ ਰਾਣੀ ਅਤੇ ਮਮਤਾ ਰਾਣੀ ਨੂੰ ਸੈਕਟਰੀ ਨਿਯੁਕਤ ਕੀਤਾ ਗਿਆ ਇਸ ਮੌਕੇ ਤੇ ਚੇਅਰਮੈਨ ਰਣਜੀਵ ਕੁਮਾਰ ਜੀ ਨੇ ਦੱਸਦੇ ਹੋਏ ਕਿਹਾ ਕਿ ਮਹਿਲਾਵਾਂ ਨੂੰ ਬੜੀਆਂ ਸਮੱਸਿਆਵਾਂ ਆ ਰਹੀਆਂ ਸਨ ਇਸ ਲਈ ਮਹਿਲਾ ਮੰਡਲ ਬਣਾਉਣਾ ਬਹੁਤ ਜਰੂਰੀ ਸੀ ਇਸ ਲਈ ਅੱਜ ਪ੍ਰਧਾਨ ਹਰਪਾਲ ਦੀ ਪ੍ਰਧਾਨਗੀ ਵਿੱਚ ਚੇਅਰਮੈਨ ਰਣਜੀਵ ਕੁਮਾਰ ਦੀ ਅਗਵਾਈ ਵਿੱਚ ਇਹਨਾਂ ਮਹਿਲਾ ਮੰਡਲ ਦੀ ਨਵ ਨਿਯੁਕਤ ਟੀਮ ਦਾ ਪੂਰੀ ਯੂਨੀਅਨ ਵੱਲੋਂ ਪੂਰਾ ਸਾਥ ਦਿੱਤਾ ਜਾਵੇਗਾ ਤੇ ਯੂਨੀਅਨ ਇਹਨਾਂ ਨਾਲ ਹਮੇਸ਼ਾ ਹੀ ਬਰਾਬਰ ਖੜੀ ਹੈ ਤੇ ਖੜੀ ਰਵੇਗੀ ਇਸ ਮੌਕੇ ਤੇ ਸੀਵਰਮੈਨ ਯੂਨੀਅਨ ਦੇ ਪ੍ਰਧਾਨ ਮੇਨ ਪਾਲ ਬਿਕਰਮ ਸਿੰਘ ਕੈਸ਼ਵ ਨੰਬਰਦਾਰ ਰਕੇਸ਼ ਕੁਮਾਰ ਨੰਬਰਦਾਰ ਰਜਨੀਸ਼ ਮੱਟੂ ਧਰਮਿੰਦਰ ਟੀਕਾ ਰਾਜਕੁਮਾਰ ਪੱਪੀ ਲਖਨ ਅਟਵਾਲ ਅਤੇ ਹੋਰ ਵੀ ਭੈਣਾਂ ਤੇ ਭਰਾ ਵੱਡੀ ਗਿਣਤੀ ਵਿੱਚ ਮੌਜੂਦ ਸੀ

# ਸਟਿੰਗ ਆਪ੍ਰੇਸ਼ਨ

e-mail : stingnews24@gmail.com
www.stingoperation.us

ਜਲੰਧਰ । ਐਤਵਾਰ, 7 ਅਪ੍ਰੈਲ 2024

ਅੰਮ੍ਰਿਤਸਰ (ਸੰਗਰੂਰ) ਤਰਨ ਤਾਰਨ






ਲੋਕ ਹੱਕਾਂ ਦੀ ਰਾਖੀ ਤੇ ਹਲਕੇ ਦੀ ਤਰੱਕੀ ਲਈ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦਾ ਸਾਥ ਦਿਓ: ਮਾਨ

## ਐਮ.ਪੀ. ਸਿਮਰਨਜੀਤ ਸਿੰਘ ਮਾਨ ਨੇ ਹਲਕੇ ਦੇ ਵੱਖ-ਵੱਖ ਪਿੰਡਾਂ ਵਿੱਚ ਕੀਤੇ ਸੰਗਤ ਦਰਸ਼ਨ

■ ਸਿਲਾਈ ਕੇਂਦਰ ਵੱਲੋਂ ਹਰਵਿੰਦਰ ਕੌਰ, ਕੁਲਵੰਤ ਸਿੰਘ ਨਾਗਰੀ ਅਤੇ ਗੁਲਜ਼ਾਰ ਸਿੰਘ ਨੂੰ ਗੁਰਮੇਲ ਸਿੰਘ ਅਤੇ ਹਰਪ੍ਰੀ ਕੌਰ ਨੇ ਸਿਰੋਪਾਉ ਅਤੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ





ਧੂਰੀ, ਸੰਗਰੂਰ, 6 ਅਪ੍ਰੈਲ (ਨਰੇਸ਼ ਬਾਗੀਆਂ): ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਅਤੇ ਮੈਂਬਰ ਪਾਰਲੀਮੈਂਟ ਸ. ਸਿਮਰਨਜੀਤ ਸਿੰਘ ਮਾਨ ਨੇ ਅੱਜ ਹਲਕੇ ਦੇ ਪਿੰਡ ਜੈਨਪੁਰ, ਦਰੋਗੇਵਾਲ, ਬਨਭੌਰੀ ਅਤੇ ਭਸੌੜ ਵਿਖੇ ਸੰਗਤ ਦਰਸ਼ਨ ਕੀਤੇ੍ਹ ਇਸ ਦੌਰਾਨ ਪਿੰਡ ਵਾਸੀਆਂ ਵੱਲੋਂ ਸ. ਮਾਨ ਦਾ ਭਰਵਾਂ ਸਵਾਗਤ ਕੀਤਾ ਗਿਆ ਅਤੇ ਉਨ੍ਹਾਂ ਦੀ ਬਤੌਰ ਐਮ.ਪੀ. ਕਾਰਗੁਜਾਰੀ ਤੋਂ ਸੰਤੁਸ਼ਟ ਹੁੰਦੇ ਹੋਏ ਆਉਣ ਵਾਲੀਆਂ ਚੋਣਾਂ ਵਿੱਚ ਵੀ ਵੱਡੀ ਲੀਡ ਨਾਲ ਜਿਤਾਉਣ ਦਾ ਭਰੋਸਾ ਦਿਵਾਇਆ। ਉਪਰੋਕਤ ਪਿੰਡਾਂ ਵਿੱਚ ਹੋਏ ਭਰਵੇਂ ਇਕੱਠਾ ਨੂੰ ਸੰਬੋਧਨ ਕਰਦਿਆਂ ਐਮ.ਪੀ. ਸੰਗਰੂਰ ਸ. ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਪੰਜਾਬ ਦੇ ਲੋਕਾਂ ਦੀ ਆਪਣੀ ਪਾਰਟੀ ਹੈ, ਜਿਸਦਾ ਉਦੇਸ਼ ਲੋਕ ਹੱਕਾਂ ਦੀ ਰਾਖੀ ਲਈ ਪਹਿਰਾ ਦਿੰਦੇ ਹੋਏ ਸੂਬੇ ਨੂੰ ਹਰ ਪੱਖੋਂ ਖੁਸ਼ਹਾਲ ਬਣਾਉਣਾ ਹੈ। ਲੋਕ ਹੱਕਾਂ ਦੀ ਰਾਖੀ ਅਤੇ ਹਲਕੇ ਦੀ ਤਰੱਕੀ ਲਈ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦਾ ਸਾਥ ਦਿੱਤਾ ਜਾਵੇਚ। ਸ. ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਨਾਲ ਕੀਤੇ ਵਾਅਦੇ ਭੁਲਾ ਚੁੱਕੀ ਹੈ੍ਹ ਸਰਕਾਰ ਦੀ ਵਾਅਦਾਖਿਲਾਫੀ ਕਾਰਨ ਲੋਕਾਂ ਵਿੱਚ ਰੋਸ ਹੈ ਅਤੇ ਲੋਕ ਆਪਣੇ ਹੱਕ ਲੈਣ ਲਈ ਧਰਨੇ ਦੇਣ ਲਈ ਮਜਬੂਰ ਹੋ ਰਹੇ ਹਨ੍ਹ ਬੇਰੁਜਗਾਰ ਆਪਣਾ ਰੁਜਗਾਰ ਪ੍ਰਾਪਤੀ ਦਾ ਹੱਕ ਲੈਣ ਲਈ ਪਾਣੀ ਵਾਲੀਆਂ ਟੈਂਕੀਆਂ ਅਤੇ ਟਾਵਰਾਂ ਉੱਪਰ ਚੜ੍ਹ ਕੇ ਰੋਸ ਪ੍ਰਦਰਸ਼ਨ ਕਰਨ ਲਈ ਮਜਬੂਰ ਹੋ ਰਹੇ ਹਨ੍ਹ ਪੰਜਾਬ ਸਰਕਾਰ ਕੋਲ ਨਿਗਰਾਨੀ ਲਈ ਅਨੇਕਾਂ ਮਹਿਕਮੇ ਹੋਣ ਦੇ ਬਾਵਜੂਦ ਸ਼ਰੇਆਮ ਨਸ਼ੇ ਦਾ ਵਪਾਰ ਕਰ ਰਹੇ ਹਨ੍ਹ ਪਿਛੜੇ ਹੋਏ ਸੂਬਿਆਂ ਦੀ ਤਰ੍ਹਾਂ ਲੋਕ ਜਹਿਰੀਲੀ ਸ਼ਰਾਬ ਪੀ ਕੇ ਮਰ ਰਹੇ ਹਨ। ਸਰਕਾਰ ਦੀਆਂ ਇਹਨਾਂ ਨਲਾਇਕੀਆਂ ਦਾ ਖਾਮਿਆਜਾ ਸੂਬੇ ਦੇ ਗਰੀਬ ਲੋਕਾਂ ਨੂੰ ਭੁਗਤਣਾ ਪੈ ਰਿਹਾ ਹੈ। ਸ. ਮਾਨ ਨੇ ਆਪਣੇ ਪਿਛਲੇ ਡੇਢ ਸਾਲ ਦੇ ਕਾਰਜਕਾਲ ਦਾ ਲੇਖਾ ਜੋਖਾ ਪੇਸ਼ ਕਰਦਿਆਂ ਦੱਸਿਆ ਕਿ ਹਲਕੇ ਦੀ ਤਰੱਕੀ ਲਈ ਹਰ ਸੰਭਵ ਕੋਸ਼ਿਸ਼ ਕੀਤੀ ਗਈ ਹੈ੍ਹ ਐਮ.ਪੀ. ਕੋਟੇ ਤਹਿਤ ਮਿਲੀ ਕਰੀਬ 10 ਕਰੋੜ ਦੀ ਗਰਾਂਟ ਨੂੰ ਹਰ ਵਰਗ ਦੇ ਲੋਕਾਂ ਦੀ ਭਲਾਈ ਲਈ ਬਰਾਬਰ ਖਰਚਿਆ ਗਿਆ ਹੈ੍ਹ ਨਕਲੀ ਅੰਗ, ਮੋਟਰਾਈਜਡ ਟਰਾਈਸਾਈਕਲਾਂ, ਵਹੀਲ ਚੇਅਰਾਂ ਅਤੇ ਹੋਰ ਸਹਾਇਕ ਉਪਕਰਨ ਵੰਡ ਕੇ ਅੰਗਹੀਣਾਂ ਦਾ ਸਹਾਰਾ ਬਨਣ ਦੀ ਕੋਸ਼ਿਸ਼ ਕੀਤੀ ਗਈ ਹੈ੍ਹ ਨੌਜਵਾਨਾਂ ਨੂੰ ਨਸ਼ਿਆਂ ਦੀ ਦਲਦਲ ਤੋਂ ਬਚਾਉਣ ਲਈ ਵੱਡੇ ਪੱਧਰ ’ਤੇ ਜਿੰਮ ਅਤੇ ਖੇਡ ਕਿੱਟਾਂ ਵੰਡਣ ਦੇ ਨਾਲ-ਨਾਲ ਖੇਡ ਮੈਦਾਨ ਵੀ ਤਿਆਰ ਕਰਵਾਏ ਗਏ ਹਨ੍ਹ ਇਸ ਤੋਂ ਇਲਾਵਾ ਹਲਕੇ ਦੀ ਤਰੱਕੀ ਲਈ ਅਨੇਕਾਂ ਪ੍ਰੋਜੈਕਟ ਕੇਂਦਰ ਸਰਕਾਰ ਤੋਂ ਪਾਸ ਕਰਵਾਏ ਗਏ ਹਨ, ਜਿਨ੍ਹਾਂ ਵਿੱਚ ਕਰੋੜਾਂ ਰੁਪਏ ਦੀ ਲਾਗਤ ਨਾਲ ਬਿਜਲੀ ਦਾ ਮੁਕੰਮਲ ਨਵੀਨੀਕਰਨ, ਅਨੇਕਾਂ ਸੜਕਾਂ ਦਾ ਨਿਰਮਾਣ, ਬਰਨਾਲਾ ਵਿਖੇ ਕ੍ਰਿਟੀਕਲ ਕੇਅਰ ਸੈਂਟਰ ਆਦਿ ਪ੍ਰਮੁੱਖ ਹਨ੍ਹ ਸ. ਮਾਨ ਨੇ ਕੇਂਦਰ ਸਰਕਾਰ ਨੂੰ ਘੱਟ ਗਿਣਤੀਆਂ ਖਾਸ ਕਰਕੇ ਸਿੱਖ ਕੌਮ ਵਿਰੋਧੀ ਕਰਾਰ ਦਿੰਦਿਆਂ ਕਿਹਾ ਕਿ ਸੱਤਾਧਾਰੀ ਪਾਰਟੀ ਭਾਜਪਾ ਅਤੇ ਆਰਐਸਐਸ ਸੰਵਿਧਾਨ ਦੇ ਉਲਟ ਧਰਮ ਦੇ ਨਾਂਅ ’ਤੇ ਰਾਜਨੀਤੀ ਕਰਦੇ ਹੋਏ ਘੱਟ ਗਿਣਤੀ ਵਰਗਾਂ ਨਾਲ ਭੇਦਭਾਵ ਕਰ ਰਹੀ ਹੈ੍ਹ ਬਹੁ ਗਿਣਤੀ ਵਰਗਾਂ ਲਈ ਕਾਨੂੰਨ ਹੋਰ ਹਨ ਅਤੇ ਘੱਟ ਗਿਣਤੀਆਂ ਲਈ ਕਾਨੂੰਨ ਹੋਰ ਹਨ੍ਹ ਸ. ਮਾਨ ਨੇ ਕਿਹਾ ਕਿ ਸ਼੍ਰੀ ਰਾਮ ਮੰਦਿਰ ਦੇ ਨਿਰਮਾਣ ਲਈ ਸਿਆਸੀ ਵਾਹਵਾਹੀ ਖੱਟਣ ਵਾਲੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਗਊਆਂ ਦੀ ਸੰਭਾਲ ਦਾ ਏਜੰਡਾ ਵੀ ਆਪਣੇ ਚੋਣ ਘੋਸ਼ਣਾ ਪੱਤਰ ਵਿੱਚ ਦਾਖਲ ਕਰਨਾ ਚਾਹੀਦਾ ਹੈ, ਤਾਂ ਜੋ ਬੇਸਹਾਰਾ ਪਸ਼ੂਆਂ ਦੀ ਸੰਭਾਲ ਵੀ ਹੋ ਸਕੇ ਅਤੇ ਕਿਸਾਨਾਂ ਦੀਆਂ ਫ਼ਸਲਾਂ ਦਾ ਨੁਕਸਾਨ ਹੋਣ ਤੋਂ ਵੀ ਬਚਾਅ ਹੋ ਸਕੇ ਪਰ ਅਜਿਹਾ ਚੰਗਾ ਕੰਮ ਕਰਨ ਦੀ ਬਜਾਏ ਇਨ੍ਹਾਂ ਦੀ ਸੋਚ ਘੱਟ ਗਿਣਤੀਆਂ ਨੂੰ ਦਬਾ ਕੇ ਇੱਕ ਵਿਸ਼ੇਸ਼ ਬਹੁ ਗਿਣਤੀ ਵਰਗ ਦੇ ਵੋਟ ਬੈਂਕ ਨੂੰ ਆਪਣੇ ਪੱਖ ਵਿੱਚ ਭੁਗਤਾਉਣਾ ਹੈ੍ਹ ਉਨ੍ਹਾਂ ਵੋਟਰਾਂ ਨੂੰ ਆਪਣੇ ਹੱਕਾਂ ਪ੍ਰਤੀ ਜਾਗਰੂਕਤਾ ਦਾ ਸੁਨੇਹਾ ਦਿੰਦੇ ਹੋਏ ਸੂਬੇ ਦੀ ਖੁਸ਼ਹਾਲੀ ਲਈ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦਾ ਸਾਥ ਦੇਣ ਦੀ ਅਪੀਲ ਕੀਤੀ। ਇਸ ਮੌਕੇ ਮਾਸਟਰ ਕਰਨੈਲ ਸਿੰਘ ਨਾਰੀਕੇ, ਨਵਨੀਤ ਗੋਪੀ, ਅਮਰਜੀਤ ਸਿੰਘ ਬਾਦਸ਼ਾਹਪੁਰ, ਬਾਬਾ ਹਰਬੰਸ ਸਿੰਘ ਜੈਨਪੁਰ, ਜਥੇਦਾਰ ਗੁਰਨੈਬ ਸਿੰਘ ਰਾਮਪੁਰਾ, ਹਰਦੀਪ ਸਿੰਘ ਨਾਰੀਕੇ, ਸਾਧੂ ਸਿੰਘ ਪੇਧਨੀ, ਹਰਬੰਸ ਸਿੰਘ ਸਲੇਮਪੁਰ, ਸਿਮਰਨਜੀਤ ਸਿੰਘ ਕਾਂਝਲਾ, ਜਗਦੇਵ ਸਿੰਘ, ਬੀਬੀ ਅਮਰਜੀਤ ਕੌਰ ਧਾਂਦਰਾ, ਸੁਰਜੀਤ ਸਿੰਘ, ਕਮਲ ਸਿੰਘ ਮੀਮਸਾ, ਗੁਰਪ੍ਰੀਤ ਸਿੰਘ ਈਸੜਾ, ਗੁਰਮੀਤ ਸਿੰਘ ਮੀਰਹੇੜੀ, ਸੂਬੇਦਾਰ ਜਸਵੰਤ ਸਿੰਘ ਜੈਨਪੁਰ, ਦਵਿੰਦਰ ਸਿੰਘ, ਉਪਿੰਦਰਪ੍ਰਤਾਪ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਹੋਰ ਆਗੂ ਅਤੇ ਵਰਕਰ ਹਾਜਰ ਸਨ।

## ਜ਼ਿਲ੍ਹਾ ਚੋਣ ਅ.ਫਸਰ ਅਤੇ ਜ਼ਿਲ੍ਹਾ ਪੁਲਿਸ ਮੁਖੀ ਵੱਲੋਂ ਤਜਵੀਜ਼ਤ ਗਿਣਤੀ ਕੇਂਦਰਾਂ ਅਤੇ ਸਟਰਾਂਗ ਰੂਮ ਦਾ ਅਗੇਤੇ ਤੌਰ ’ਤੇ ਜਾਇਜ਼ਾ





ਸੰਗਰੂਰ, 6 ਅਪ੍ਰੈਲ (ਨਰੇਸ਼ ਬਾਗੀਆਂ)- ਅੱਜ ਜ਼ਿਲ੍ਹਾ ਚੋਣ ਅ.ਫਸਰ ਜਤਿੰਦਰ ਜੋਰਵਾਲ ਨੇ ਜਿਲਾ ਪੁਲਿਸ ਮੁਖੀ ਸਰਤਾਜ ਸਿੰਘ ਚਹਿਲ ਸਮੇਤ ਦੌਰਾ ਕਰਕੇ ਸਹਾਇਕ ਰਿਟਰਨਿੰਗ ਅਧਿਕਾਰੀਆਂ ਵੱਲੋਂ ਚੋਣ ਕਮਿਸ਼ਨ ਨੂੰ ਤਜਵੀਜ ਕੀਤੇ ਗਏ ਸਟਰਾਂਗ ਰੂਮਾਂ ਅਤੇ ਗਿਣਤੀ ਕੇਂਦਰਾਂ ਦਾ ਅਗੇਤੇ ਤੌਰ ਤੇ ਜਾਇਜ਼ਾ ਲਿਆ। ਜ਼ਿਲ੍ਹਾ ਚੋਣ ਅਫਸਰ ਅਤੇ ਐਸਐਸਪੀ ਨੇ ਆਪਣੇ ਦੌਰੇ ਦੌਰਾਨ ਉਹਨਾਂ ਤਜਵੀਜਤ ਕੇਂਦਰਾਂ ਵਿੱਚ ਸੁਰੱਖਿਆ ਵਿਵਸਥਾ ਸਮੇਤ ਹੋਰ ਲੋੜੀਂਦੇ ਪਰਬੰਧਾਂ ਬਾਰੇ ਮੌਕੇ ਤੇ ਮੌਜੂਦ ਸਮੂਹ ਸਹਾਇਕ ਰਿਟਰਨਿੰਗ ਅਧਿਕਾਰੀਆਂ ਅਤੇ ਪੁਲਿਸ ਅਧਿਕਾਰੀਆਂ ਨਾਲ ਵਿਚਾਰ ਵਟਾਂਦਰਾ ਕੀਤਾ। ਜ਼ਿਲ੍ਹਾ ਚੋਣ ਅਫਸਰ ਜਤਿੰਦਰ ਜੋਰਵਾਲ ਵੱਲੋਂ ਕੀਤੇ ਦੌਰੇ ਦੌਰਾਨ ਵਿਧਾਨ ਸਭਾ ਹਲਕਾ 99-ਲਹਿਰਾ ਦੇ ਸਹਾਇਕ ਰਿਟਰਨਿੰਗ ਅ.ਫਸਰ ਸੂਬਾ ਸਿੰਘ, ਵਿਧਾਨ ਸਭਾ ਹਲਕਾ 100-ਦਿੜਬਾ ਦੇ ਸਹਾਇਕ ਰਿਟਰਨਿੰਗ ਅ.ਫਸਰ ਰਾਜੇਸ਼ ਸ਼ਰਮਾ, ਵਿਧਾਨ ਸਭਾ ਹਲਕਾ 101-ਸੁਨਾਮ ਦੇ ਸਹਾਇਕ ਰਿਟਰਨਿੰਗ ਅ.ਫਸਰ ਪਰਮੋਦ ਸਿੰਗਲਾ, ਵਿਧਾਨ ਸਭਾ ਹਲਕਾ 107-ਧੂਰੀ ਦੇ ਰਿਟਰਨਿੰਗ ਅ.ਫਸਰ ਅਮਿਤ ਗੁਪਤਾ ਅਤੇ ਵਿਧਾਨ ਸਭਾ ਹਲਕਾ 108-ਸੰਗਰੂਰ ਦੇ ਰਿਟਰਨਿੰਗ ਅ.ਫਸਰ ਚਰਨਜੋਤ ਸਿੰਘ ਵਾਲੀਆ ਸਮੇਤ ਸਬੰਧਤ ਹਲਕਿਆਂ ਦੇ ਸਟਰੌਂਗ ਰੂਮਾਂ ਤੇ ਤਜਵੀਜ਼ ਕੀਤੇ ਗਿਣਤੀ ਕੇਂਦਰਾਂ ਵਿਖੇ ਅਗੇਤੇ ਤੌਰ ਤੇ ਨਿਰੀਖਣ ਕੀਤਾ। ਜ਼ਿਲ੍ਹਾ ਚੋਣ ਅਫਸਰ ਨੇ ਦੱਸਿਆ ਕਿ ਚੋਣ ਕਮਿਸ਼ਨ ਨੂੰ ਇਨ੍ਹਾਂ ਗਿਣਤੀ ਕੇਂਦਰਾਂ ਦੀ ਤਜਵੀਜ ਭੇਜੀ ਗਈ ਹੈ ਜਿਸ ਬਾਰੇ ਪਰਵਾਨਗੀ ਆਉਣ ਤੋਂ ਬਾਅਦ ਅਗਲੇ ਪ੍ਰਬੰਧਾਂ ਨੂੰ ਸਮੇਂ ਸਿਰ ਨੇਪਰੇ ਚੜਾਇਆ ਜਾਵੇਗਾ ।


ਸਟਿੰਗ ਆਪ੍ਰੇਸ਼ਨ
www.stingoperation.us ਜਲੰਧਰ

ਦੇਸ਼-ਵਿਦੇਸ਼ ਅਤੇ ਪੰਜਾਬ ਦੇ ਹਰ ਕਸਬੇ ਤੋਂ ਪੱਤਰਕਾਰਾਂ ਦੀ ਲੋੜ ਹੈ

Contact : 90416-59160


# ਇੱਕ ਨਜ਼ਰ





## ਪਿੰਡ ਕਸੇਲ ਵਿਖੇ ਅਜਾਦੀ ਘੁਲਾਟੀਏ ਅਤੇ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਗੁਰਦੁਆਰਾ ਜਗਰਾਵਾਂ ਵਾਲਾ ਵਿਖੇ 124 ਵਾਂ ਸਾਲਾਨਾ ਧਾਰਮਿਕ ਦੀਵਾਨ ਸਜਾਏ ਗਏ

ਸਰਾਏ ਅਮਾਨਤ ਖਾਂ, 6 ਅਪ੍ਰੈਲ (ਗੁਰਬੀਰ ਸਿੰਘ ਗੰਡੀਵਿੰਡ)- ਪਿੰਡ ਕਸੇਲ ਵਿਖੇ ਅਜਾਦੀ ਘੁਲਾਟੀਏ ਅਤੇ ਸ਼ਹੀਦਾਂ ਦੀ ਯਾਦ ਵਿੱਚ ਗੁਰਦੁਆਰਾ ਜਗਰਾਵਾਂ ਵਾਲਾ ਤੇ ਗੁਰਦੁਆਰਾ ਬੀਬੀ ਰਤਨ ਕੌਰ ਦੀਆਂ ਦੋਵਾਂ ਕਮੇਟੀਆਂ ਤੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਸਮਾਗਮ ਕਰਵਾਇਆ ਜਾ ਰਿਹਾ ਹੈ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਦੋਵਾਂ ਕਮੇਟੀਆਂ ਨੇ ਕਿਹਾ ਕਿ ਇਹ ਧਾਰਮਿਕ ਦੀਵਾਨ ਪਿੰਡ ਕਸੇਲ, ਹਰਬੰਸਪੁਰਾ ਅਤੇ ਕਸੇਲ ਹਵੇਲੀਆਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ । ਅੱਜ 7 ਅਪ੍ਰੈਲ ਨੂੰ ਸਮਾਗਮ ਦੀ ਸਮਾਪਤੀ ਹੈ ਪਿੰਡ ਵਾਸੀਆਂ ਨੇ ਸੰਗਤਾਂ ਨੂੰ ਅਪੀਲ ਕੀਤੀ ਹੈ ਕਿ ਸਮਾਗਮ ਵਿੱਚ ਵੱਧ ਤੋਂ ਵੱਧ ਹਾਜ਼ਰੀ ਭਰੋ ਅਤੇ ਰੋਕਣਾ ਵਧਾਉ।ਇਸ ਤੋਂ ਇਲਾਵਾ ਗੁਰੂ ਕੇ ਲੰਗਰ ਵੀ ਅਟੁੱਟ ਵਰਤਾਏ ਜਾਣਗੇ। ਇਸ ਸਮਾਗਮ ਵਿੱਚ ਰਾਗੀ ਢਾਡੀ ਕਵੀਸ਼ਰੀ ਜਥੇ ਗੁਰੂ ਘਰ ਦਾਂ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕਰਨਗੇ।

## ਖ਼ਾਲਸਾ ਪਬਲਿਕ ਸਕੂਲ ਦੀ ਵਿਦਿਆਰਥਣ ਨੇ ਮੁੱਕੇਬਾਜ਼ੀ ’ਚ ਕਾਂਸੇ ਦਾ ਤਮਗਾ ਹਾਸਲ ਕੀਤਾ



ਅੰਮ੍ਰਿਤਸਰ, 6 ਅਪ੍ਰੈਲ (ਹਰਪਾਲ ਸਿੰਘ ਭੰਗੂ)—ਖ਼ਾਲਸਾ ਕਾਲਜ ਗਵਰਨਿੰਗ ਕੌਂਸਲ ਅਧੀਨ ਖ਼ਾਲਸਾ ਕਾਲਜ ਪਬਲਿਕ ਸਕੂਲ ਜੀ. ਟੀ. ਰੋਡ ਦੀ ਵਿਦਿਆਰਥਣ ਨੇ ‘ਬਾਕਸਿੰਗ ਯੂਥ ਸਟੇਟ ਲੈਵਲ’ ਮੁਕਾਬਲੇ ’ਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਕਾਂਸੇ ਦਾ ਤਮਗਾ ਹਾਸਲ ਕਰਕੇ ਸਕੂਲ ਅਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ ਹੈ। ਇਸ ਮੌਕੇ ਪ੍ਰਿੰਸੀਪਲ ਸ: ਅਮਰਜੀਤ ਸਿੰਘ ਗਿੱਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਕੂਲ ਵਿਦਿਆਰਥਣ ਹਰਲੀਨ ਕੌਰ ਨੇ ਸਮਾਣਾ (ਪਟਿਆਲਾ) ਵਿਖੇ ਉਕਤ ਚੈਂਪੀਅਨਸ਼ਿਪ ’ਚ ਹਿੱਸਾ ਲੈਂਦਿਆਂ ਤੀਜਾ ਸਥਾਨ ਹਾਸਲ ਕਰਕੇ ਕਾਂਸੇ ਦਾ ਤਗਮਾ ਪ੍ਰਾਪਤ ਕੀਤਾ ਹੈ। ਇਸ ਮੌਕੇ ਪ੍ਰਿੰ. ਸ: ਗਿੱਲ ਨੇ ਵਿਦਿਆਰਥਣ ਦੀ ਇਸ ਸ਼ਾਨਦਾਰ ਉਪਲਬੱਧੀ ’ਤੇ ਮੁਬਾਰਕਬਾਦ ਦਿੰਦਿਆਂ ਬਾਕਸਿੰਗ ਕੋਚ ਬਲਜਿੰਦਰ ਅਤੇ ਡੀ. ਪੀ. ਈ. ਅਤੇ ਬਾਕਸਿੰਗ ਕੋਚ ਗੁਰਪ੍ਰੀਤ ਸਿੰਘ ਵੱਲੋਂ ਹਰਲੀਨ ਕੌਰ ਨੂੰ ਕਰਵਾਏ ਅਭਿਆਸ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਨੂੰ ਵਧਾਈ ਦਿੱਤੀ। ਇਸ ਮੌਕੇ ਨਰਵਿੰਦਰ ਸਿੰਘ ਵੀ ਹਾਜ਼ਰ ਸਨ।

## ਖ਼ਾਲਸਾ ਕਾਲਜ ਐਜੂਕੇਸ਼ਨ, ਰਣਜੀਤ ਐਵੀਨਿਊ ਦੀਆਂ ਵਿਦਿਆਰਥਣਾਂ ਨੇ ਪ੍ਰੀਖਿਆ ’ਚ ਸ਼ਾਨਦਾਰ ਸਥਾਨ ਹਾਸਲ ਕੀਤਾ



ਅੰਮ੍ਰਿਤਸਰ, 6 ਅਪ੍ਰੈਲ (ਹਰਪਾਲ ਸਿੰਘ ਭੰਗੂ)-ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਰਣਜੀਤ ਐਵੀਨਿਊ ਦੀਆਂ ਵਿਦਿਆਰਥਣਾਂ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਐਲਾਨੇ ਗਏ ਬੀ. ਏ.-ਬੀ. ਐਡ. ਸਮੈਸਟਰ 7ਵਾਂ ਦੀ ਪ੍ਰੀਖਿਆ ’ਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਕਾਲਜ ਅਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ ਹੈ। ਇਸ ਸਬੰਧੀ ਕਾਲਜ ਪ੍ਰਿੰਸੀਪਲ ਪ੍ਰੋ: (ਡਾ.) ਮਨਦੀਪ ਕੌਰ ਨੇ ਇਮਤਿਹਾਨ ’ਚ ਸ਼ਾਨਦਾਰ ਕਾਰਗੁਜ਼ਾਰੀ ਪੇਸ਼ ਕਰਨ ਵਾਲੀਆਂ ਵਿਦਿਆਰਥਣਾਂ ਨੂੰ ਮੁਬਾਰਕਬਾਦ ਦਿੰਦਿਆਂ ਦੱਸਿਆ ਕਿ ਕਿਰਨਜੋਤ ਕੌਰ ਨੇ 81.8% ਅੰਕ ਨਾਲ ’ਵਰਸਿਟੀ ’ਚ ਪਹਿਲਾ, ਹਰਸ਼ਿਤਾ ਨੇ 80.3% ਅੰਕ ਨਾਲ ਦੂਜਾ ਅਤੇ ਆਸਥਾ ਬਜਾਜ ਨੇ 78.5% ਅੰਕ ਪ੍ਰਾਪਤ ਕਰ ਕੇ ਤੀਜਾ ਸਥਾਨ ਪ੍ਰਾਪਤ ਕੀਤਾ ਹੈ। ਇਸ ਮੌਕੇ ਪ੍ਰਿੰ: ਡਾ. ਮਨਦੀਪ ਕੌਰ ਨੇ ਵਿਦਿਆਰਥੀਆਂ ਦੇ ਸੁਨਿਹਰੇ ਭਵਿੱਖ ਦੀ ਕਾਮਨਾ ਕਰਦਿਆਂ ਅਜਿਹੇ ਮਿਆਰ ਨੂੰ ਕਾਇਮ ਰੱਖਣ ਲਈ ਪ੍ਰੇਰਿਤ ਕੀਤਾ।

# ਸਟਿੰਗ ਆਪ੍ਰੇਸ਼ਨ

e-mail : stingnews24@gmail.com
www.stingoperation.us

ਜਲੰਧਰ । ਐਤਵਾਰ, 7 ਅਪ੍ਰੈਲ 2024

ਅੰਮ੍ਰਿਤਸਰ (ਸੰਗਰੂਰ) ਨਵੀਂ ਦਿੱਲੀ






## ਇੱਕ ਨਜ਼ਰ



### ਵੋਟਰਾਂ ਨੂੰ ਕਿਸੇ ਵੀ ਤਰ੍ਹਾਂ ਦਾ ਲਾਲਚ ਦੇ ਕੇ ਭਰਮਾਉਣ ਵਾਲਿਆਂ ਖਿਲਾਫ਼ ਹੋਵੇਗੀ ਸਖ਼ਤ ਕਾਨੂੰਨੀ ਕਾਰਵਾਈ: ਜਤਿੰਦਰ ਜੋਰਵਾਲ

### ਸਮਾਨ ਦੀ ਵਿਕਰੀ ਸਬੰਧੀ ਤੱਥਾਂ ਨੂੰ ਨਾ ਛੁਪਾਉਣ ਸ਼ਾਪਿੰਗ ਮਾਲਾਂ ਦੇ ਮਾਲਕ: ਸਰਤਾਜ ਸਿੰਘ ਚਹਿਲ

ਸੰਗਰੂਰ, 6 ਅਪ੍ਰੈਲ:( ਨਰੇਸ਼ ਬਾਗੀਆਂ)- ਭਾਰਤੀ ਚੋਣ ਕਮਿਸ਼ਨ ਦੇ ਦਿਸ਼ਾ ਨਿਰਦੇਸ਼ਾਂ ਹੇਠ ਲੋਕ ਸਭਾ ਚੋਣਾਂ ਦੇ ਸਮੁੱਚੇ ਅਮਲ ਨੂੰ ਪਾਰਦਰਸ਼ੀ ਢੰਗ ਅਤੇ ਸੁਰੱਖਿਅਤ ਮਾਹੌਲ ਵਿੱਚ ਨੇਪਰੇ ਚੜਾਉਣ ਲਈ ਪ੍ਰਸ਼ਾਸਨ ਤੇ ਪੁਲਿਸ ਪੂਰੀ ਤਰ੍ਹਾਂ ਵਚਨਬੱਧ ਹੈ। ਇਹ ਪ੍ਰਗਟਾਵਾ ਜ਼ਿਲਾ ਚੋਣ ਅਫਸਰ ਜਤਿੰਦਰ ਜੋਰਵਾਲ ਅਤੇ ਜਿਲਾ ਪੁਲਿਸ ਮੁਖੀ ਸਰਤਾਜ ਸਿੰਘ ਚਹਿਲ ਨੇ ਅੱਜ ਜਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਲੋਕ ਸਭਾ ਚੋਣਾਂ ਸਬੰਧੀ ਆਦਰਸ਼ ਚੋਣ ਜ਼ਾਬਤੇ ਦੀ ਇੰਨ ਬਿੰਨ ਪਾਲਨਾ ਨੂੰ ਯਕੀਨੀ ਬਣਾਉਣ ਦੇ ਉਦੇਸ਼ ਨਾਲ ਜ਼ਿਲ੍ਹਾ ਸੰਗਰੂਰ ਵਿਖੇ ਖੁੱਲ੍ਹੇ ਵੱਡੇ ਸ਼ਾਪਿੰਗ ਮਾਲਾਂ ਅਤੇ ਰਿਟੇਲ ਆਊਟਲੈਟ ਦੇ ਮਾਲਕਾਂ ਨਾਲ ਮੀਟਿੰਗ ਦੌਰਾਨ ਕੀਤਾ। ਜ਼ਿਲ੍ਹਾ ਚੋਣ ਅਫ਼ਸਰ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਜੇਕਰ ਕੋਈ ਵੀ ਸ਼ਾਪਿੰਗ ਮਾਲ ਦਾ ਮਾਲਕ ਜਾਂ ਵਿਕਰੇਤਾ ਕਿਸੇ ਵੀ ਤਰ੍ਹਾਂ ਦੇ ਵਿੱਤੀ ਲਾਭਾਂ, ਸਿਆਸੀ ਦਬਾਅ ਜਾਂ ਬਹਿਕਾਵੇ ਵਿੱਚ ਆ ਕੇ ਵੋਟਰਾਂ ਨੂੰ ਭਰਮਾਉਣ ਲਈ ਕਿਸੇ ਵੀ ਢੰਗ ਨਾਲ ਉਪਹਾਰ, ਤੋਹਫ਼ਿਆਂ, ਸਮਾਨ ਆਦਿ ਦੀ ਵੰਡ ਕਰਦਾ ਪਾਇਆ ਜਾਂਦਾ ਹੈ ਤਾਂ ਉਹ ਕਾਨੂੰਨ ਅਨੁਸਾਰ ਸਖ਼ਤ ਸਜ਼ਾ ਦਾ ਭਾਗੀਦਾਰ ਹੋਵੇਗਾ। ਉਨ੍ਹਾਂ ਸਮੂਹ ਸ਼ਾਪਿੰਗ ਮਾਲਾਂ ਅਤੇ ਰਿਟੇਲ ਆਊਟਲੈਟ ਦੇ ਮਾਲਕਾਂ ਨੂੰ ਆਦਰਸ਼ ਚੋਣ ਜ਼ਾਬਤੇ ਤਹਿਤ ਜਾਰੀ ਹਦਾਇਤਾਂ ਦੀ ਪਾਲਣਾ ਕਰਦਿਆਂ ਪੂਰੀ ਤਰ੍ਹਾਂ ਚੌਕਸ ਰਹਿਣ ਅਤੇ ਆਪਣੇ ਅਧੀਨ ਆਉਂਦੇ ਮਾਲਾਂ ਵਿੱਚ ਸਮਾਨ ਦੇ ਭੰਡਾਰ, ਖਰੀਦ ਤੇ ਵਿਕਰੀ ਸਬੰਧੀ ਰਿਕਾਰਡ ਦਾ ਰੋਜ਼ਾਨਾ ਦੇ ਆਧਾਰ 'ਤੇ ਸਹੀ ਇੰਦਰਾਜ ਕਰਨ ਦੀ ਹਦਾਇਤ ਕੀਤੀ। ਉਨ੍ਹਾਂ ਕਿਹਾ ਕਿ ਜੇਕਰ ਕੋਈ ਵੀ ਵਿਅਕਤੀ ਲੋਕ ਸਭਾ ਚੋਣਾਂ ਦੇ ਇਸ ਸਮੇਂ ਦੌਰਾਨ ਵੱਡੀ ਮਾਤਰਾ ਵਿੱਚ ਸਮਾਨ ਦੀ ਖਰੀਦ ਕਰਦਾ ਹੈ ਤਾਂ ਉਸ ਬਾਰੇ ਸੂਚਨਾ ਸਬੰਧਤ ਸਹਾਇਕ ਰਿਟਰਨਿੰਗ ਅਧਿਕਾਰੀ ਦੇ ਧਿਆਨ ਵਿੱਚ ਲਿਆਂਦੀ ਜਾਵੇ। ਜ਼ਿਲ੍ਹਾ ਚੋਣ ਅਫ਼ਸਰ ਅਤੇ ਐਸ.ਐਸ.ਪੀ ਨੇ ਕਿਹਾ ਕਿ ਵੱਡੀ ਮਾਤਰਾ ਵਿੱਚ ਹੋਣ ਵਾਲੀ ਸਮਾਨ ਦੀ ਵਿਕਰੀ ਸਬੰਧੀ ਜਾਣਬੁਝ ਕੇ ਤੱਥਾਂ ਨੂੰ ਛੁਪਾਉਣ ਵਾਲਿਆਂ ਖਿਲਾਫ਼ ਕਾਰਵਾਈ ਕੀਤੀ ਜਾਵੇਗੀ ਕਿਉਂਕਿ ਪੁਲਿਸ ਤੇ ਪ੍ਰਸ਼ਾਸਨ ਨੂੰ ਲੋਕ ਸਭਾ ਚੋਣਾਂ ਦਾ ਸਮੁੱਚਾ ਅਮਲ ਸਫ਼ਲਤਾ ਨਾਲ ਨੇਪਰੇ ਚੜ੍ਹਾਉਣ ਲਈ ਹਰੇਕ ਵਰਗ ਤੋਂ ਪੂਰਨ ਸਹਿਯੋਗ ਦੀ ਲੋੜ ਹੈ। ਉਹਨਾਂ ਕਿਹਾ ਕਿ ਵੋਟਰਾਂ ਨੂੰ ਕਿਸੇ ਵੀ ਢੰਗ ਨਾਲ ਲਾਲਚ ਦੇਣ, ਡਰਾਉਣ ਧਮਕਾਉਣ ਵਾਲੇ ਸ਼ਰਾਰਤੀ ਅਨਸਰਾਂ ਨਾਲ ਸਖਤੀ ਨਾਲ ਨਜਿੱਠਿਆ ਜਾਵੇਗਾ ਅਤੇ ਹਰੇਕ ਕਿਸਮ ਦੀ ਗਤੀਵਿਧੀ ਉੱਤੇ ਚੌਕਸੀ ਟੀਮਾਂ ਤਿੱਖੀ ਨਜ਼ਰ ਰੱਖ ਰਹੀਆਂ ਹਨ। ਮੀਟਿੰਗ ਦੌਰਾਨ ਵਧੀਕ ਜ਼ਿਲ੍ਹਾ ਚੋਣ ਅਫ਼ਸਰ ਆਕਾਸ਼ ਬਾਂਸਲ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਵਰਜੀਤ ਵਾਲੀਆ, ਸਹਾਇਕ ਕਮਿਸ਼ਨਰ ਅੰਡਰ ਟਰੇਨਿੰਗ ਜਸਪਿੰਦਰ ਸਿੰਘ, ਸਹਾਇਕ ਕਮਿਸ਼ਨਰ ਉਪਿੰਦਰਜੀਤ ਕੌਰ ਬਰਾੜ, 99-ਲਹਿਰਾ ਦੇ ਏ.ਆਰ.ਓ ਸੂਬਾ ਸਿੰਘ, 100-ਦਿੜ੍ਹਬਾ ਦੇ ਏ.ਆਰ.ਓ ਰਾਜੇਸ਼ ਕੁਮਾਰ ਸ਼ਰਮਾ, 101-ਸੁਨਾਮ ਦੇ ਏ.ਆਰ.ਓ ਪ੍ਰਮੋਦ ਸਿੰਗਲਾ, 107-ਧੂਰੀ ਦੇ ਏ.ਆਰ.ਓ ਅਮਿਤ ਗੁਪਤਾ ਅਤੇ 108-ਸੰਗਰੂਰ ਦੇ ਏ.ਆਰ.ਓ ਚਰਨਜੋਤ ਸਿੰਘ ਵਾਲੀਆ, ਨੋਡਲ ਅਫ਼ਸਰ ਸਵੀਪ ਵਿਨੀਤ ਕੁਮਾਰ, ਐਸ.ਪੀ ਪਲਵਿੰਦਰ ਸਿੰਘ ਚੀਮਾ, ਐਸ.ਪੀ ਨਵਰੀਤ ਸਿੰਘ ਵਿਰਕ, ਐਸ.ਪੀ ਰਾਕੇਸ਼ ਕੁਮਾਰ, ਸਮੂਹ ਡੀ.ਐਸ.ਪੀ, ਥਾਣਾ ਮੁਖੀ, ਤਹਿਸੀਲਦਾਰ ਚੋਣਾਂ ਪਰਮਜੀਤ ਕੌਰ, ਜਿੰਦਲ ਮੈਗਾਮਾਰਟ ਸੰਗਰੂਰ, ਅਗਰਵਾਲ ਸਟੋਰ, ਬਾਂਸਲ ਐਕਸਪੋਰਟ, ਐੱਚ ਆਰ ਇੰਡੀਆ ਮਾਰਟ ਸਮੇਤ ਹੋਰ ਮਾਲਾਂ ਦੇ ਨੁਮਾਇੰਦੇ ਅਤੇ ਅਧਿਕਾਰੀ ਵੀ ਹਾਜ਼ਰ ਸਨ।

## ਜਨਮਦਿਨ ਮੁਬਾਰਕ

ਲੈਕਚਰਾਰ ਦਇਆ ਸਿੰਘ ਨਿਵਾਸੀ ਸ਼੍ਰੀ ਅਨੰਦਪੁਰ ਸਾਹਿਬ ਨੂੰ ਜਨਮ ਦਿਨ ਦੀਆਂ ਸਟਿੰਗ ਆਪ੍ਰੇਸ਼ਨ ਦੀ ਟੀਮ ਵੱਲੋਂ ਮੁਬਾਰਕਾਂ



### ਸ਼ੀ ਆਈ ਏ ਸਟਾਫ-2 ਗੁਰੂ ਕੀ ਵਡਾਲੀ ਅੰਮ੍ਰਿਤਸਰ ਦੇ ਇੰਚਾਰਜ ਇੰਸਪੈਕਟਰ ਰਾਜੇਸ਼ ਸ਼ਰਮਾ ਵੱਲੋਂ

# ਚੋਰੀ ਦੇ ਸਮਾਨ ਸਮੇਤ 2 ਵਿਅਕਤੀ ਗ੍ਰਿਫ਼ਤਾਰ

- ਚੋਰੀ ਦੀਆਂ ਵਾਰਦਾਤਾਂ ਕਰਨ ਵਾਲਿਆਂ ਨੂੰ ਕਿਸੇ ਵੀ ਕੀਮਤ ਵਿੱਚ ਬਰਦਾਸ਼ਤ ਨਹੀਂ ਕੀਤਾ ਜਾਵੇਗਾ। : ਇੰਸਪੈਕਟਰ ਰਾਜੇਸ਼ ਸ਼ਰਮਾ
- ਦਾਲਤ ਵਿੱਚ ਪੇਸ ਕਰਕੇ 2 ਦਿਨ ਦਾ ਪੁਲਿਸ ਰਿਮਾਂਡ ਹਾਸਿਲ ਕੀਤਾ ਗਿਆ ਹੈ ਇਹਨਾ ਪਾਸੋ ਬਾਰੀਕੀ....





ਅੰਮ੍ਰਿਤਸਰ 6ਅਪ੍ਰੈਲ (ਹਰਪਾਲ ਸਿੰਘ ਭੰਗੂ)- ਪੁਲਿਸ ਕਮਿਸ਼ਨਰ ਅੰਮ੍ਰਿਤਸਰ ਗੁਰਪ੍ਰੀਤ ਸਿੰਘ ਭੁੱਲਰਵੱਲੋਂ ਮਿਲੀਆ ਹਦਾਇਤਾ ਤੇ ਹਰਪ੍ਰੀਤ ਸਿੰਘ ਮੰਡੇਰ , ਨਵਜੋਤ ਸਿੰਘ ਇੰਨਵੈਸਟੀਗੇਸ਼ਨ ਅੰਮ੍ਰਿਤਸਰ ਤੇ ਕੁਲਦੀਪ ਸਿੰਘ ਇੰਨਵੈਸਟੀਗੇਸ਼ਨ ਦੇ ਦਿਸ਼ਾ ਨਿਰਦੇਸ਼ਾਂ ਇੰਸ: ਰਾਜੇਸ ਸ਼ਰਮਾ ਇੰਚਾਰਜ ਸੀ ਆਈ ਏ ਸਟਾਫ-2 ਗੁਰੂ ਕੀ ਵਡਾਲੀ ਅੰਮ੍ਰਿਤਸਰ ਦੀ ਅਗਵਾਈ ਹੇਠ ਉਸ ਵੇਲੇ ਸਫਲਤਾ ਹਾਸਿਲ ਹੋਈ ਜਦੋ ਏ ਐਸ ਆਈ (ਬਲਜਿੰਦਰ) ਸਿੰਘ ਸੀ ਆਈ ਏ ਸਟਾਫ 2 ਅੰਮ੍ਰਿਤਸਰ ਸਮੇਤ ਏ ਐਸ ਆਈ ਸੁਖਦੇਵ ਸਿੰਘ, ਐਚਸੀ ਦਰਸਨ ਸਿੰਘ ਵੱਲੋ ਦੋਰਾਨੇ ਗਸਤ ਪ੍ਰੇਮ ਨਗਰ ਮੇਨ ਸੜਕ ਗੁਰੁਦਆਰਾ ਬੋਹੜੀ ਸਾਹਿਬ ਰੋਡ ਕੋਟ ਖਾਲਸਾ ਅੰਮ੍ਰਿਤਸਰ ਤੋਂ ਅਕਾਸ ਪੁੱਤਰ ਸਾਂਈ ਦਾਸ ਵਾਸੀ ਨੇੜੇ ਸਮਾਧ ਬਾਬਾ ਧੰਨਾ ਘੁਮਿਆਰਾ ਵਾਲਾ ਮੁਹੱਲਾ ਛੋਟਾ ਹਰੀਪੁਰਾ ਅੰਮ੍ਰਿਤਸਰ,ਸੂਰਜ ਕੁਮਾਰ ਉਰਫ ਸੂਰਜ ਪੁੱਤਰ ਕਸ਼ਮੀਰੀ ਲਾਲ ਵਾਸੀ ਗਲੀ ਨੰਬਰ 12 ਗੁਰੂ ਨਾਨਕਪੁਰਾ ਕੋਟ ਖਾਲਸਾ ਥਾਣਾ ਇਸਲਾਮਾਬਾਦ ਅੰਮ੍ਰਿਤਸਰ ਨੂੰ ਕਾਬੂ ਕੀਤਾ ਇਹਨਾ ਪਾਸੇ 02 ਚੋਰੀ ਦੀਆ ਬੈਟਰੀਆ ਬ੍ਰਾਮਦ ਕੀਤੀਆ ਤੇ ਮੁਕੱਦਮਾ ਨੰਬਰ 65 ਮਿਤੀ 05-04-2024 ਜੁਰਮ 379,411,34 IPC ਥਾਣਾ ਇਸਲਾਮਾਬਾਦ ਅੰਮ੍ਰਿਤਸਰ ਦਰਜ ਰਜਿਸਟਰ ਕੀਤਾ ਗਿਆ ।ਦੋਸੀਆਨ ਦੇ ਇੰਕਸਾਫ ਤੇ ਅੱਜ ਮਿਤੀ 06-04-2024 ਨੂੰ ਚੋਰੀ ਦੀਆ 02 ਬੈਟਰੀਆ ਅਤੇ 06 LED ਬ੍ਰਾਮਦ ਕੀਤੀਆ ਗਈਆ ਦੋਸੀਆਨ ਨੂੰ ਅੱਜ ਮਾਨਯੋਗ ਅਦਾਲਤ ਵਿੱਚ ਪੇਸ ਕਰਕੇ 2 ਦਿਨ ਦਾ ਪੁਲਿਸ ਰਿਮਾਂਡ ਹਾਸਿਲ ਕੀਤਾ ਗਿਆ ਹੈ ਇਹਨਾ ਪਾਸੋ ਬਾਰੀਕੀ ਨਾਲ ਪੁੱਛਗਿੱਛ ਕਰਕੇ ਇਹਨਾ ਨੇ ਹੋਰ ਕਿਹੜੀਆਂ ਕਿਹੜੀਆਂ ਚੋਰੀ ਦੀਆ ਵਾਰਦਾਤਾ ਕੀਤੀਆ ਹਨ ਤੇ ਇਹਨਾ ਦੇ ਹੋਰ ਕਿਹੜੇ ਸਾਥੀ ਹਨ ਜੋ ਚੋਰੀ ਦੀਆ ਵਾਰਦਾਤਾ ਕਰਦੇ ਹਨ ਬਾਰੇ ਪਤਾ ਕਰਕੇ ਹੋਰ ਬ੍ਰਾਮਦਗੀ ਕੀਤੀ ਜਾਵੇਗੀ।

### ਇਤਿਹਾਸ ਵਿੱਚ ਸਿੱਖ ਬੀਬੀਆਂ ਲੜੀ ਤਹਿਤ ਅੱਠਵਾਂ ਵਿਸ਼ੇਸ਼ ਲੈਕਚਰ ਕਰਵਾਇਆ

# ਇਤਿਹਾਸਿਕ ਕਿਤਾਬ "ਅਖ਼ਬਾਰ-ਏ ਦਰਬਾਰ-ਏ ਮੌਲਾ" ਤੇ "ਮਾਤਾ ਸੁਲੱਖਣੀ ਜੀ" ਦੀ ਪੈਂਟਿੰਗ ਰਿਲੀਜ਼ ਕੀਤੀ





ਨਵੀਂ ਦਿੱਲੀ, 6 ਅਪ੍ਰੈਲ (ਸੁਖਰਾਜ ਸਿੰਘ): ਸਿੱਖ ਇਤਿਹਾਸ ਦੇ ਪ੍ਰਚਾਰ-ਪ੍ਰਸਾਰ ਲਈ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਿੱਖ ਹਿਸਟਰੀ ਐਂਡ ਗੁਰਬਾਣੀ ਫ਼ੋਰਮ ਵੱਲੋਂ ਡਾ. ਪ੍ਰੋ. ਚਰਨ ਸਿੰਘ (ਚੇਅਰਮੈਨ ਪੰਜਾਬ ਐਂਡ ਸਿੰਧ ਬੈਂਕ) ਦੀ ਪ੍ਰੇਰਨਾ ਨਾਲ ਗੁਰਦੁਆਰਾ ਰਕਾਬ ਗੰਜ ਸਾਹਿਬ ਦੇ ਕਾਨਫਰੰਸ ਹਾਲ ਵਿਖੇ "ਇਤਿਹਾਸ ਵਿੱਚ ਸਿੱਖ ਬੀਬੀਆਂ" ਲੜੀ ਤਹਿਤ ਅੱਠਵਾਂ ਵਿਸ਼ੇਸ਼ ਲੈਕਚਰ ਸ੍ਰੀ ਗੁਰੂ ਅਮਰਦਾਸ ਜੀ ਦੀਆਂ ਸੁਪੁਤ੍ਰੀਆਂ "ਬੀਬੀ ਭਾਨੀ ਜੀ ਅਤੇ ਬੀਬੀ ਦਾਨੀ ਜੀ" ਦੇ ਜੀਵਨ ਇਤਿਹਾਸ ਸੰਬੰਧੀ ਕਰਵਾਇਆ ਗਿਆ। ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਇੰਡੀਆ ਗੇਟ ਦੇ ਵਿਦਿਆਰਥੀਆਂ ਦੁਆਰਾ ਗਾਏ ਗੁਰਬਾਣੀ ਸ਼ਬਦ ਤੋਂ ਬਾਅਦ ਸੰਸਥਾ ਦੇ ਡਾਇਰੈਕਟਰ ਡਾ. ਹਰਬੰਸ ਕੌਰ ਸਾਗੂ ਨੇ ਆਏ ਹੋਏ ਵਿਦਵਾਨਾਂ, ਸੰਗਤਾਂ ਤੇ ਪਤਵੰਤੇ ਸੱਜਣਾਂ ਨੂੰ ਜੀ ਆਇਆਂ ਨੂੰ ਆਖਿਆ ਅਤੇ ਮੁੱਖ ਵਕਤਾ ਡਾ. ਸੁਖਦਿਆਲ ਸਿੰਘ (ਸਾਬਕਾ ਪ੍ਰੋਫ਼ੈਸਰ ਪੰਜਾਬੀ ਯੂਨੀਵਰਸਿਟੀ ਪਟਿਆਲਾ), ਅੱਜ ਦੇ ਲੈਕਚਰ ਦੀ ਪ੍ਰਧਾਨਗੀ ਕਰ ਰਹੇ ਡਾ. ਮਹਿੰਦਰ ਸਿੰਘ (ਡਾਇਰੈਕਟਰ ਭਾਈ ਵੀਰ ਸਿੰਘ ਸਾਹਿਤ ਸਦਨ) ਤੇ ਡਾ. ਜਗਜੀਤ ਸਿੰਘ ਸੱਭਰਵਾਲ (ਸਾਬਕਾ ਪ੍ਰੋਫੈਸਰ ਗੁਰੂ ਨਾਨਕ ਦੇਵ ਖ਼ਾਲਸਾ ਕਾਲਜ) ਦਾ ਰਸਮੀ ਸਵਾਗਤ ਕਰਦਿਆਂ ਉਹਨਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਮੁੱਖ ਵਕਤਾ ਡਾ. ਸੁਖਦਿਆਲ ਸਿੰਘ ਨੇ ਮੁਗ਼ਲ ਦਰਬਾਰ ਦੀ ਅਖ਼ਬਾਰ ਉੱਤੇ ਅਧਾਰਿਤ ਡਾ. ਹਰਬੰਸ ਕੌਰ ਸਾਗੂ ਦੁਆਰਾ ਅਨੁਵਾਦਿਤ ਪੁਸਤਕ "ਅਖ਼ਬਾਰ - ਏ - ਦਰਬਾਰ - ਏ - ਮੌਲਾ" ਬਾਰੇ ਜਾਣਕਾਰੀ ਸਾਂਝੀ ਕੀਤੀ ਅਤੇ ਸ੍ਰੀ ਗੁਰੂ ਅਮਰਦਾਸ ਜੀ ਦੀਆਂ ਸੁਪੁਤ੍ਰੀਆਂ ਬੀਬੀ ਭਾਨੀ ਜੀ ਅਤੇ ਬੀਬੀ ਦਾਨੀ ਜੀ ਬਾਰੇ ਦੱਸਿਆ ਕਿ ਸ਼ਹੀਦ ਪਰਿਵਾਰ ਦੀ ਜਣਨੀ ਬੀਬੀ ਭਾਨੀ ਜੀ ਸਿੱਖ ਧਰਮ ਵਿੱਚ ਇਕ ਐਸੀ ਮਾਤਾ ਹੋਏ ਹਨ, ਜਿਸ ਦਾ ਸਾਨੀ ਸੰਸਾਰ ਵਿਚ ਕੋਈ ਨਹੀਂ ਹੈ। ਪਹਿਲੇ ਦੋ ਗੁਰੂ ਸਾਹਿਬਾਨ ਨੂੰ ਛੱਡ ਕੇ ਬਾਕੀ ਅੱਠ ਗੁਰੂ ਸਾਹਿਬਾਨ ਦਾ ਬੀਬੀ ਭਾਨੀ ਜੀ ਨਾਲ ਪ੍ਰਵਾਰਕ ਰਿਸ਼ਤਾ ਸੀ। ਬੀਬੀ ਭਾਨੀ ਜੀ ਸਰਬ ਗੁਣਾਂ ਦੇ ਭੰਡਾਰ, ਮਿਲਾਪੜੇ ਸਹਿਯੋਗੀ , ਸੇਵਾ ਸਿਮਰਨ ਦੀ ਮੂਰਤ , ਸਹਿਣਸ਼ੀਲ , ਸੰਜਮੀ ਗਹਿਰ ਗੰਭੀਰ , ਧੀਰਜਵਾਨ , ਸਬਰ ਭਰਪੂਰ, ਮਿੱਠਬੋਲੜੇ , ਨਿਮਰ, ਆਗਿਆਕਾਰੀ ਅਤੇ ਪਰਉਪਕਾਰੀ ਸਨ। ਲੈਕਚਰ ਦੀ ਪ੍ਰਧਾਨਗੀ ਕਰਦਿਆਂ ਡਾ. ਮਹਿੰਦਰ ਸਿੰਘ ਸਿੰਘ ਅਤੇ ਡਾ. ਜਗਜੀਤ ਸਿੰਘ ਸੱਭਰਵਾਲ ਨੇ ਬੀਬੀ ਭਾਨੀ ਜੀ ਅਤੇ ਬੀਬੀ ਦਾਨੀ ਜੀ ਦੇ ਜੀਵਨ ਬਾਰੇ ਆਪਣੇ ਵੱਡਮੁੱਲੇ ਵਿਚਾਰ ਸਾਂਝੇ ਕੀਤੇ ।ਉਪਰੰਤ ਡਾ. ਹਰਪ੍ਰੀਤ ਕੌਰ ਪ੍ਰਿੰਸੀਪਲ ਮਾਤਾ ਸੁੰਦਰੀ ਕਲਾਜ ਅਤੇ ਸਵਰਣ ਸਿੰਘ "ਸਵਰਣ" ਵੱਲੋਂ ਅੱਜ ਦੇ ਲੈਕਚਰ ਵਿਚ ਹਾਜ਼ਰੀ ਭਰਨ ਵਾਲੇ ਪਤਵੰਤੇ ਸੱਜਣਾ ਤੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ ਗਿਆ।